# ਅੰਮ੍ਰਿਤ ਕੀਰਤਨ

ਅੰਕ 11 ਸਾਲ ਤੀਜਾ ਨਵੰਬਰ 1991



# ਅੰਮ੍ਰਿਤ ਕੀਰਤਨ

ਅੰਕ 11 ਸਾਲ ਤੀਜਾ ਨਵੰਬਰ 1991

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ

ਸਹਿਯੋਗੀ
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ

ਚਿੱਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :
**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**
422, ਸੈਕਟਰ 15-ਏ,
ਚੰਡੀਗੜ੍ਹ-160015
ਫੋਨ : 24660

**ਚੰਦੇ ਦਾ ਵੇਰਵਾ**
ਇਕ ਕਾਪੀ 5 ਰੁਪਏ
ਦੇਸ਼ ਸਾਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਾਲਾਨਾ 300 ਰੁਪਏ
ਜੀਵਨ ਮੈਂਬਰ 3000 ਰੁਪਏ

## ਵਿਸ਼ਾ ਪੰਨਾ

1. ਤੁਹਾਡੇ ਪੱਤਰ 4
2. ਗੁਰੂ ਗ੍ਰੰਥ ਸਾਹਿਬ ਵਿੱਚ ਕਵਿਤਾ ਤੇ ਸੰਗੀਤ ਦਾ ਮਹੱਤਵ —ਡਾ. ਜਾਗੀਰ ਸਿੰਘ 5
3. ਵੌਇਸ ਆਫ਼ ਅਮੈਰਿਕਾ ਵੱਲੋਂ ਗੁਰਪੁਰਬ ਪ੍ਰੋਗਰਾਮ —ਹਰਜਾਪ ਸਿੰਘ 9
4. ਗੁਰੂ ਨਾਨਕ ਦੀ ਸੰਗੀਤ ਕਲਾ —ਪ੍ਰੋ. ਪਿਆਰਾ ਸਿੰਘ ਪਦਮ 11
5. ਕੀਰਤਨ ਕਲਾ ਦੀ ਸਾਂਭ-ਇਕ ਪ੍ਰਤੀ ਕਰਮ —ਹਰਚਰਨ ਸਿੰਘ ਕਲਕੱਤਾ 18
6. ਕੀਰਤਨੀਏ ਸਿੰਘਾਂ ਤੇ ਸ੍ਰੋਤਿਆਂ ਲਈ ਜ਼ਰੂਰੀ ਹਦਾਇਤਾਂ 19
7. ਰਾਗ ਪਹਾੜੀ, ਤਾਲ ਦਾਦਰਾ —ਸੰਤ ਸਰਵਣ ਸਿੰਘ 'ਗੰਧਰਵ' 29
8. ਸ਼ਬਦ-ਅਰਥ : ਰਾਗ ਸਾਰੰਗ ਮਹਲਾ ੫ 30
9. ਰਾਗ ਸਾਰੰਗ (ਵਡਹੰਸ ਸਾਰੰਗ) —ਬਲਵਿੰਦਰ ਸਿੰਘ ਬੰਬਈ 31
10. ਨਿਪੁਣ ਕੀਰਤਨੀਏ ਭਾਈ ਜਗਤਾਰ ਸਿੰਘ ਜੀ —ਹਰਜਾਪ ਸਿੰਘ 32
11. **Guru Nanak Dev Ji De Shabad** 34

ਨੋਟ : ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

# ਤੁਹਾਡੇ ਪੱਤਰ

❋ ਆਪ ਜੀ ਨੇ ਇਸ ਨਾਜ਼ਕ ਸਮੇਂ ਵਿਚ ਜੋ 'ਅੰਮ੍ਰਿਤ ਕੀਰਤਨ' ਇਕ ਸਹੀ ਸੇਧ ਦੇਣ ਵਾਲਾ ਮਾਸਿਕ ਪੱਤਰ ਪ੍ਰਕਾਸ਼ਿਤ ਕੀਤਾ ਹੈ, ਇਹ ਬਹੁਤ ਹੀ ਸ਼ਲਾਘਾ ਯੋਗ ਕਦਮ ਹੈ। ਮੇਰੀ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਇਹ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹੇ।

—ਗੁਰਮੇਜ ਸਿੰਘ ਸਿੱਧੂ, ਪਿੰਡ ਗੱਟੀ ਹਯਾਤ, ਡਾ. ਮਮਦੋਟ, ਜ਼ਿਲਾ ਫਿਰੋਜ਼ਪੁਰ

❋ 'ਅੰਮ੍ਰਿਤ ਕੀਰਤਨ' ਬੜਾ ਹੀ ਸੁੰਦਰ ਖੁਸ਼ਬੂ ਬਖੇਰਦਾ ਗੁਲਦਸਤਾ ਹੈ। ਬੜੇ ਹੀ ਡੂੰਘੇ ਤੇ ਖੋਜ ਭਰੇ ਲੇਖਾਂ ਨੂੰ ਪੜ੍ਹ ਕੇ ਮਨ ਬੜਾ ਹੀ ਪ੍ਰਸੰਨ ਹੁੰਦਾ ਹੈ। ਆਪ ਜੀ ਦੇ ਲੇਖ ਗੁਰਬਾਣੀ ਤੇ ਰਾਗ ਬਾਰੇ ਪੜ੍ਹ ਕੇ ਤਾਂ ਬੜਾ ਹੀ ਅਨੰਦ ਆਇਆ। ਗੁਰਬਾਣੀ ਬਾਰੇ ਪੜ੍ਹ ਕੇ ਮਨ ਨੂੰ ਕਿੰਨੀ ਹੀ ਅਨੰਦ ਮਈ ਅਵੱਸਥਾ ਮਿਲਦੀ ਹੈ ਮੈਂ ਲਫਜ਼ਾਂ ਨਾਲ ਬਿਆਨ ਨਹੀਂ ਕਰ ਸਕਦਾ। ਆਪ ਜੀ ਦੀ ਸੇਵਾ ਬੜੀ ਹੀ ਸ਼ਲਾਘਾ ਯੋਗ ਹੈ। ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਹੈ ਕਿ ਉਹ ਆਪ ਜੀ ਨੂੰ ਲੰਮੀ ਆਯੂ ਤੇ ਹਿੰਮਤ ਬਖਸ਼ਣ ਤੇ ਆਪ ਇਹ ਸੇਵਾ ਕਰਦੇ ਰਹੋ। ਆਪ ਨੇ ਆਪਣੀਆਂ ਕੀਰਤਨ-ਕੈਸਟਾਂ ਭੇਜਣ ਦੀ ਕਿਰਪਾ ਕਰਨੀ ਜੀ।

—ਨਰਿੰਦਰਪਾਲ ਸਿੰਘ, ਵਿਕਾਸਪੁਰੀ, ਨਵੀਂ ਦਿੱਲੀ

❋ 'ਅੰਮ੍ਰਿਤ ਕੀਰਤਨ, ਰਾਹੀਂ ਤੁਸੀਂ ਗੁਰਬਾਣੀ ਸੰਗੀਤ ਨੂੰ ਪ੍ਰਚਲਤ ਕਰਨ ਦਾ ਚੰਗਾ ਉਪਰਾਲਾ ਕਰ ਰਹੇ ਹੋ। ਪਰ ਕਈ ਵਾਰ ਇਸ ਕਾਰਜ ਵਿਚ ਵੱਡੇ ਵਿਦਵਾਨਾਂ ਵੱਲੋਂ ਹੀ ਵਿਘਨ ਪਾ ਦਿੱਤਾ ਜਾਂਦਾ ਹੈ। ਹੁਣੇ ਜਿਹੇ ਇਕ ਬੜੇ ਮਸ਼ਹੂਰ ਕੀਰਤਨੀਏ ਦੀ ਕੈਸਟ ਬਾਜ਼ਾਰ ਵਿਚ ਆਈ ਹੈ। ਉਸ ਵਿਚ ਇਕ ਵਿਦਵਾਨ ਨੇ ਉਸ ਰਾਗੀ ਦੇ ਕੀਰਤਨ ਦੀ ਬੜੀ ਸ਼ਲਾਘਾ ਕਰਦਿਆਂ ਕਿਹਾ ਹੈ, ਇਹਨਾਂ ਦਾ ਕੀਰਤਨ ਸੰਗਤਾਂ ਦਾ ਮਨ ਜੋੜਦਾ ਹੈ। ਪਰ ਜਦੋਂ ਮੈਂ ਉਹ ਕੈਸਟ ਸੁਣੀ ਤਾਂ ਮਨ ਨੂੰ ਦੁੱਖ ਹੋਇਆ, ਕਿਉਂਕਿ ਉਸ ਕੈਸਟ ਵਿੱਚ ਫਿਲਮੀ ਤਰਜ਼ਾਂ ਉਪਰ ਕੀਰਤਨ ਕੀਤਾ ਹੋਇਆ ਹੈ। ਸਤਿਗੁਰੂ ਵਿਦਵਾਨਾਂ ਅਤੇ ਕੀਰਤਨੀਆਂ ਨੂੰ ਸੁਮੱਤ ਬਖਸ਼ਣ। ਸੰਗਤਾਂ ਨੂੰ ਵੀ ਸੁਚੇਤ ਹੋਣਾ ਚਾਹੀਦਾ ਹੈ ਕਿ ਫਿਲਮੀ ਤਰਜ਼ਾਂ ਤੇ ਕੀਰਤਨ ਕਰਨ ਵਾਲਿਆਂ ਨੂੰ ਉਤਸ਼ਾਹਿਤ ਨਾ ਕਰਨ।

—ਮੰਗਤ ਸਿੰਘ, ਮਸਤਾਨਾ ਮਲੋਟ।

---

(ਸਫਾ 10 ਦੀ ਬਾਕੀ)

ਉਪਰੰਤ ਆਪਣੇ ਵਿਚਾਰ ਵੌਇਸ ਆਫ ਅਮੇਰਿਕਾ ਦੀ ਹਿੰਦੀ ਸੇਵਾ ਨੂੰ ਪੋਸਟ ਆਫਿਸ ਬੌਕਸ ਨੰਬਰ 564 ਨਵੀਂ ਦਿੱਲੀ 11000 ਦੇ ਸਰਨਾਵੇਂ ਤੇ ਭੇਜੋ। ਤੁਸੀਂ ਇਹ ਖਤ ਨਵੀਂ ਦਿੱਲੀ ਸਥਿੱਤ ਨਾਮਾ ਨਿਗਾਰ ਪੀਟਰ ਹਾਈਨ ਲਾਈਨ ਨੂੰ ਲਿਖ ਸਕਦੇ ਹੋ।

ਇਹ ਪ੍ਰੋਗਰਾਮ ਸੌਰਟਵੇਵ 19, 25, 31 ਅਤੇ 41 ਮੀਟਰ ਬੈਂਡਜ਼ ਤੇ ਉਪਲਬਧ ਹੋਵੇਗਾ। ਸਵੇਰ ਵਾਲੀ ਸਭਾ ਜੋ 13, 16, 19, 25, 31, 41 ਅਤੇ 49 ਮੀਟਰ ਤੇ ਸੁਣੀ ਜਾ ਸਕਦੀ ਹੈ ਇਸ ਵਿਚ ਭੀ ਸ਼ਾਇਦ ਇਕ ਛੋਟਾ ਜਿਹਾ ਪ੍ਰੋਗਰਾਮ ਪੇਸ਼ ਕੀਤਾ ਜਾਵੇ। ਜੇਕਰ ਆਪਜੀ ਦੀ ਦਿਲਚਸਪੀ ਬਰਕਰਾਰ ਰਹੀ ਤਾਂ ਇਹ ਪਰੋਗਰਾਮ ਸ਼ਾਇਦ ਹਰ ਸਾਲ ਹੀ ਨਸ਼ਰ ਹੋਇਆ ਕਰਨ। ਇਸ ਪਰੋਗਰਾਮ ਦੇ ਚਾਲੂ ਰਹਿਣ ਦੇ ਇਮਕਾਨ ਆਪ ਜੀ ਦੇ ਉਤਸ਼ਾਹ ਨਾਲ ਵਾਬਸਤਾ ਹਨ। ਗੁਰਪੁਰਬ ਦੀ ਵਧਾਈ ਹੋਵੇ।

# ਗੁਰੂ ਗ੍ਰੰਥ ਸਾਹਿਬ ਵਿਚ ਕਵਿਤਾ ਤੇ ਸੰਗੀਤ

## ਦਾ ਮਹੱਤਵ

(ਪਿਛਲੇ ਅੰਕ ਤੋਂ ਅੱਗੇ) —ਡਾ. ਜਾਗੀਰ ਸਿੰਘ

**2. ਸਿੱਖ ਸੰਸਥਾ ਵਿਚ ਕਵਿਤਾ ਅਤੇ ਸੰਗੀਤ ਦਾ ਮਹੱਤਵ :**

ਸਿੱਖ ਸੰਸਥਾ ਵਿਚ ਗੁਰੂ ਸਾਹਿਬਾਨ ਦੁਆਰਾ ਰਚੀ ਗਈ ਕਵਿਤਾ ਨੂੰ ਬਾਣੀ ਕਿਹਾ ਜਾਂਦਾ ਹੈ। ਜਦੋਂ ਇਸ ਬਾਣੀ ਨੂੰ ਸੁਰ, ਤਾਲ ਅਤੇ ਲੈਅ ਨਾਲ ਸੰਗਤ ਵਿਚ ਗਾਇਆ ਜਾਂਦਾ ਹੈ ਤਾਂ ਇਹ ਕੀਰਤਨ ਬਣ ਜਾਂਦਾ ਹੈ।[1] ਕੀਰਤਨ ਦਾ ਮਹੱਤਵ ਗੁਰੂ ਨਾਨਕ ਦੇਵ ਜੀ ਨੇ ਹੀ ਪਛਾਣ ਲਿਆ ਸੀ। ਇਸੇ ਲਈ ਭਾਈ ਗੁਰਦਾਸ ਜੀ ਨੇ ਉਹਨਾਂ ਦੇ ਸਮੇਂ ਧਰਮਸਾਲ ਵਿਚ ਕੀਰਤਨ ਕੀਤੇ ਜਾਣ ਦਾ ਜ਼ਿਕਰ ਕੀਤਾ ਹੈ।[2] ਗੁਰੂ ਨਾਨਕ ਦੇਵ ਜੀ ਨੇ ਤਲਵੰਡੀ, ਸੁਲਤਾਨਪੁਰ ਅਤੇ ਕਰਤਾਰਪੁਰ ਵਿਚ ਕੀਰਤਨ ਕਰਨ ਦੀ ਮਰਯਾਦਾ ਨੂੰ ਜਾਰੀ ਰੱਖਿਆ। ਕਰਤਾਰਪੁਰ ਦੇ ਨਿਤਨੇਮ ਦਾ ਵਰਣਨ ਕਰਦਿਆਂ ਭਾਈ ਗੁਰਦਾਸ ਜੀ ਲਿਖਦੇਹਨ :

ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਪੁ ਉਚਾਰਾ[3]।

ਇਸ ਪਉੜੀ ਦਾ ਟੀਕਾ ਭਾਈ ਮਨੀ ਸਿੰਘ ਨੇ ਕੀਤਾ ਹੈ। ਉਹਨਾਂ ਅਨੁਸਾਰ :—

ਕਰਤਾਰਪੁਰ ਵਿਚ ਅੰਮ੍ਰਿਤ ਵੇਲੇ ਸਵਾ ਪਹਿਰ ਦਿਨ ਚੜਦਿਆਂ ਤੀਕਰ ਬਾਣੀ ਦੀ ਚਰਚਾ ਹੋਵੇ ਫੇਰ ਆਰਤੀ ਪੜ੍ਹੀਏ। ਤੀਸਰੇ ਪਹਿਰ ਕੀਰਤਨ ਕਰੀਏ। ਸੰਧਿਆ ਰਹਿਰਾਸ ਪੜ੍ਹੀਏ, ਫੇਰ ਕੀਰਤਨ ਗਾਵੀਏ। ਪਹਿਰ ਰਾਤ ਗਈ ਸੋਹਿਲਾ ਪੜ੍ਹੀਏ ਅਰ ਪਿਛਲੀ ਰਾਤ ਜਪੁ ਪੜ੍ਹੀਏ ਅਰ ਆਸਾ ਦੀ ਵਾਰ ਪੜ੍ਹੀਏ।[4]

ਇਸ ਤਰ੍ਹਾਂ ਦੋ ਵਾਰ ਕੀਰਤਨ ਅਤੇ ਇਕ ਵਾਰ ਆਸਾ ਦੀ ਵਾਰ ਪੜ੍ਹਨ ਦਾ ਜ਼ਿਕਰ ਇਹ ਸਿੱਧ ਕਰਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਵੇਲੇ ਕੀਰਤਨ ਸੰਸਥਾਤਮਕ ਰੂਪ ਵਿਚ ਸਥਾਪਤ ਹੋ ਚੁੱਕਾ ਸੀ।

ਗੁਰੂ ਨਾਨਕ ਦੇਵ ਜੀ ਵੇਲੇ ਕੀਰਤਨ ਕਰਨ ਅਤੇ ਸੁਣਨ ਦੀ ਮਹੱਤਤਾ ਬਾਰੇ ਵੀ ਵਿਚਾਰਾਂ ਹੁੰਦੀਆਂ ਸਨ। ਕੀਰਤਨ ਦੀ ਮਹੱਤਤਾ ਬਾਰੇ ਸਿੱਖਾਂ ਦੀ ਭਗਤਮਾਲਾ ਵਿਚ 'ਮਾਲੋ ਅਤੇ ਮਾਂਗਾ' ਦੋ ਸਿੱਖਾਂ ਦੀ ਸਾਖੀ ਵਿਚ ਬਾਕੀ ਕਰਮਾਂ ਦੇ ਮੁਕਾਬਲੇ ਤੇ ਕੀਰਤਨ ਫਲ ਦੀ ਮਹਿਮਾ ਨੂੰ ਬੜੇ ਸੁੰਦਰ ਦ੍ਰਿਸ਼ਟਾਂਤਾਂ ਨਾਲ ਵਾਰਤਾਲਾਪ ਰੂਪ ਵਿਚ ਇਉਂ ਦਰਸਾਇਆ ਗਿਆ ਹੈ :—

ਤੁਸਾਂ ਬਚਨ ਕੀਤਾ ਹੈ ਜੁ ਕਰਮ ਸੁਗਮ ਹੈ ਕਥਾ ਕੀਰਤਨ ਤੇ ਫਲ ਵੱਡਾ ਹੈ. ਏਹ ਅਸਾਡੇ ਸਮਝ ਵਿਚ ਕੈਸੇ ਆਵੇ? ਤਾਂ ਬਚਨ ਹੋਇਆ ਜੋ ਲਕੜਹਾਰੇ ਲਕੜੀਆਂ ਲਿਆਵਦੇ ਹੈਨਿ ਤੇ ਪਾਂਡੀ ਪੰਡਾ ਲਿਆਵਦੇ ਹੈਨਿ ਸੋ ਮਜੂਰੀ ਵੱਡੀ ਕਰਦੇ ਹੈਨਿ ਤੇ ਨਫਾ ਥੋੜਾ ਹੁੰਦਾ ਹੈ ਤੇ ਜੋ ਲੂਣ ਅੰਨ ਦੀ ਹੱਟੀ ਕਰਦੇ ਹੈਨਿ

ਮਜੂਰੀ ਉਨ੍ਹਾਂ ਦੀ ਥੋੜੀ ਹੁੰਦੀ ਹੈ ਤੇ ਨਫਾ ਵਧੀਕ ਹੁੰਦਾ ਹੈ ਤੇ ਸਰਾਫ ਤੇ ਬਜਾਜ ਉਨ੍ਹਾਂ ਥੀਂ ਭੀ ਮਜੂਰੀ ਘਟ ਕਰਦੇ ਹੈਨਿ, ਭੂਖਣਾ ਤੇ ਰੁਪਯਾਂ ਦਾ ਸੌਦਾ ਕਰਦੇ ਹੈਨਿ ਤੇ ਨਫਾ ਬਹੁਤ ਹੁੰਦਾ ਹੈ ਤੇ ਜਵਹਰੀ ਹੀਰੇ ਮੋਤੀ ਦਾ ਸੌਦਾ ਕਰਦੇ ਹੈਨਿ ਤੇ ਸੁੱਖ ਨਾਲ ਬੈਠੇ ਰਹਿੰਦੇ ਹੈਨਿ, ਪਰ ਨਫਾ ਬਹੁਤ ਉਹਨਾਂ ਨੂੰ ਹੁੰਦਾ ਹੈ ਤੇ ਜੋ ਉਹਨਾਂ ਦੀ ਵੀ ਸੇਵਾ ਕਰਦਾ ਹੈ ਸੋ ਭੀ ਮੋਤੀ ਹੀਰੇ ਦੀ ਪਰਖ ਸਿੱਖਦਾ ਹੈ। ਤੈਸੇ ਹੋਰ ਜੋ ਤਪ ਹੈਨਿ, ਸੋ ਸਰੀਰ ਉਪਰ ਕਸ਼ਟ ਹੁੰਦਾ ਹੈ ਤੇ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ। ਕਥਾ ਕੀਰਤਨ ਦੇ ਪੜ੍ਹਨ ਸੁਣਨ ਕਰ ਪ੍ਰਿਥਮੇ ਤਾਂ ਉਪਾਸਨਾ ਦ੍ਰਿੜ ਹੁੰਦੀ ਹੈ, ਪਿਛੋਂ ਇਸ ਦੇ ਵਿਚੋਂ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਤੋਂ ਇਹ ਸਾਂਤਕੀ ਤਪ ਹੈ ਨਫਾ ਬਹੁਤ ਹੈ ਤਾਂ ਏਹੁ ਬਚਨ ਸੁਣ ਕੇ ਭਾਈ ਮਾਲੋ ਪੋਥੀ ਗੁਰੂ ਕੀ ਬਾਣੀ ਦੀ ਕਥਾ ਕਰੇ ਤੇ ਭਾਈ ਮਾਂਗਾ ਸਨਮੁਖ ਬੈਠ ਕੇ ਸਭ ਇੰਦ੍ਰੀਆਂ ਤੇ ਮਨ ਨੂੰ ਸੰਕੋਚ ਕੇ ਸੁਣੇ ਤੇ ਦੋਨੋਂ ਮਿਲਕੇ ਫੇਰ ਕੀਰਤਨ ਕਰਨਿ ਤਾਂ ਉਨ੍ਹਾਂ ਦੀ ਰਸਨਾ ਥੀਂ ਐਸਾ ਰਸ ਆਵੇ ਕਿ ਜੋ ਕੋਈ ਸੁਣੇ ਸਭ ਪਾਪਾਂ ਦਾ ਤਿਆਗ ਕਰਨਿ।[5]

ਗੁਰੂ ਨਾਨਕ ਦੇਵ ਜੀ ਨੇ ਜਿਥੇ ਕੀਰਤਨ ਦੀ ਮਹੱਤਤਾ ਦੱਸੀ ਹੈ ਉਥੇ ਕੀਰਤਨ ਦੇ ਸਰੋਤਿਆ ਬਾਰੇ ਵੀ ਨਿਰਣਾ ਕਰ ਦਿੱਤਾ ਹੈ। ਭਾਈ ਮਨੀ ਸਿੰਘ ਜੀ 'ਗਿਆਨ ਰਤਨਾਵਲੀ' ਵਿਚ ਇਸ ਸੰਬੰਧੀ ਇਕ ਸਾਖੀ ਦੱਸਦੇ ਹਨ :-

'ਕਾਗ ਭਸੁੰਡ ਬਾਬੇ ਅੱਗੇ ਮੱਥਾ ਟੇਕਿਆ। ਬਾਬੇ ਕਹਿਆ ਪੰਜ ਪ੍ਰਕਾਰਾਂ[6] ਦੇ ਸ੍ਰੋਤੇ ਕੀਰਤਨ ਕੇ ਹੋਤੇ ਹੈਂ :-

ਇਕ ਰਾਗ ਰਾਗਨੀਆਂ ਸਮਝਦੇ ਹੈਨਿ। ਇਕ ਸੁਰ ਨੂੰ ਸਮਝਦੇ ਹੈਨਿ।
ਇਕ ਸਾਜ ਨੂੰ ਸਮਝਦੇ ਹੈਨਿ। ਇਕ ਸ਼ਬਦ ਦੇ ਤਾਤਪਰਜ ਨੂੰ ਸਮਝਦੇ ਹੈਨਿ।

ਤੁਮ ਵੱਡੇ ਸ੍ਰੋਤੇ ਹੋ ਜੋ ਸ਼ਬਦ ਦੇ ਤਾਤਪਰਜ ਨੂੰ ਸਮਝਦੇ ਹੋ। ਕਾਗ ਭਸੁੰਡ ਕਹਿਆ ਉੱਤਮ ਹੈ ਜੋ ਮਹਾਰਾਜ ਦੇ ਕੀਰਤਨ ਦੇ ਤਾਤਪਰਜ ਨੂੰ ਸਮਝਦੇ ਹੈਂ ਸੋ ਰਸ ਪਾਵਤੇ ਹੈਂ। ਜੋ ਰਾਗਾਂ ਨੂੰ ਤਾਰਾਂ ਸਮਝਦੇ ਹੈਂ ਸੋ ਛਿਲ ਖਾਤੇ ਹੈਂ।[7]

ਇਸ ਸਾਖੀ ਵਿਚ ਜਿੱਥੇ ਸਰੋਤੇ ਦਾ ਸਥਾਨ ਨਿਸ਼ਚਿਤ ਕੀਤਾ ਗਿਆ ਹੈ ਉਥੇ ਇਹ ਵੀ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸੰਗੀਤ ਨੂੰ ਬਾਣੀ ਦੇ ਅਧੀਨ ਰੱਖਿਆ ਹੈ।

ਕੀਰਤਨ ਦੀ ਸੰਸਥਾ ਨੂੰ ਸਦਾ ਸਦਾ ਲਈ ਜਾਰੀ ਰੱਖਣ ਲਈ ਗੁਰੂ ਨਾਨਕ ਦੇਵ ਜੀ ਨੇ ਆਪ ਹੀ ਪ੍ਰਬੰਧ ਕਰ ਦਿੱਤਾ ਸੀ। ਜਿਵੇਂ ਕਿ ਅਸੀਂ ਪਹਿਲਾਂ ਦੱਸ ਚੁੱਕੇ ਹਾਂ ਕਿ ਜਦੋਂ ਗੁਰੂ ਅੰਗਦ ਦੇਵ ਜੀ ਨੂੰ ਗੱਦੀ ਦਿੱਤੀ ਤਾਂ ਬਾਣੀ ਦੀਆਂ ਪੋਥੀਆਂ ਦੇਣ ਦੇ ਨਾਲ ਨਾਲ ਬਾਣੀ ਦਾ ਗਾਇਨ ਕਰਨ ਲਈ ਬਲਵੰਡ ਰਬਾਬੀ ਵੀ ਨਾਲ ਭੇਜਿਆ ਤੇ ਕਿਹਾ :-

ਬਲਵੰਡ ਰਬਾਬੀ ਤੁਮ ਸੰਗ ਜਾਵੈ। ਸਮੇ ਸਮੇ ਹਰਿ ਕੀਰਤਨ ਗਾਵੈ।[8]

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਸਿੱਖ ਸੰਸਥਾ ਦਾ ਕੇਂਦਰ ਉਹ ਸਥਾਨ ਹੀ ਬਣਿਆ ਜਿੱਥੇ ਗੁਰੂ ਵਿਅਕਤੀਆਂ ਦਾ ਨਿਵਾਸ ਸੀ। ਗੁਰੂ ਅੰਗਦ ਦੇਵ ਜੀ ਕਰਤਾਰ ਪੁਰ ਤੋਂ ਖਡੂਰ ਆ ਗਏ। ਇਥੇ ਆ ਕੇ ਆਪ ਨੇ ਉਹ ਮਰਜਾਦਾ ਹੀ ਕਾਇਮ ਰੱਖੀ ਜਿਹੜੀ ਗੁਰੂ ਨਾਨਕ ਦੇਵ ਜੀ ਦੇ ਵੇਲੇ ਕਰਤਾਰ ਪੁਰ ਵਿਖੇ ਸੀ। ਇਥੇ ਵੀ ਸਵੇਰੇ ਸ਼ਾਮ ਬਲਵੰਡ ਰਬਾਬੀ ਅਤੇ ਸੱਤਾ[9] ਕੀਰਤਨ ਕਰਨ ਲੱਗੇ।

ਭਾਈ ਵੀਰ ਸਿੰਘ ਜੀ ਅਨੁਸਾਰ :-

ਐਉਂ ਸੱਤੇ ਬਲਵੰਡ ਦੀ ਚੌਕੀ ਖਡੂਰ ਵਿਖੇ ਗੁਰੂ ਜੀ (ਅੰਗਦ ਦੇਵ ਜੀ) ਦੇ ਹਜ਼ੂਰ ਆਰੰਭ ਹੋਈ ਜਿਹਨਾਂ ਦੀ ਅਉਲਾਦ ਹੁਣ ਤਾਈਂ ਖਡੂਰੀਏ ਰਬਾਬੀ ਕਹਾਉਂਦਾ ਹੈ।'[10]

ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਕੀਰਤਨ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਸੀ, ਕਿਉਂਕਿ ਇਥੇ ਸੱਤਾ ਅਤੇ ਬਲਵੰਡ ਤੋਂ ਬਿਨਾਂ ਭਾਈ ਮਰਦਾਨੇ ਦੇ ਪੋਤਰੇ ਭਾਈ ਸਾਦੂ ਤੇ ਬਾਦੂ[11] ਅਤੇ ਰਜਾਦਾ[12] ਨਾਂ ਦੇ ਰਬਾਬੀਆਂ ਦੇ ਕੀਰਤਨ ਕਰਨ ਦੇ ਹਵਾਲੇ ਮਿਲਦੇ ਹਨ।

ਗੁਰੂ ਅੰਗਦ ਦੇਵ ਜੀ ਤੋਂ ਬਾਅਦ ਸਿੱਖ ਸੰਸਥਾ ਦਾ ਕੇਂਦਰ ਗੋਇੰਦਵਾਲ ਬਣ ਗਿਆ। ਤੀਜੇ ਗੁਰੂ ਗੁਰੂ ਅਮਰਦਾਸ ਜੀ ਨੇ ਆਪਣੀ ਰਿਹਾਇਸ਼ ਇਥੇ ਹੀ ਰੱਖੀ ਸੀ। ਗੁਰੂ ਅਮਰਦਾਸ ਜੀ ਨੇ ਸਮੂਹ ਸਿੱਖਾਂ ਨੂੰ ਬਾਣੀ ਗਾਉਣ ਦੀ ਪ੍ਰੇਰਣਾ ਦਿੱਤੀ ਹੈ :-

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ।[13]

ਇਹ ਤੁਕਾਂ ਦਰਸਾਉਂਦੀਆਂ ਹਨ ਕਿ ਗੁਰੂ ਘਰ ਵਿਚ ਕੇਵਲ ਸੱਚੀ ਬਾਣੀ ਦਾ ਹੀ ਕੀਰਤਨ ਪ੍ਰਵਾਨ ਸੀ। ਇਸ ਬਾਣੀ ਤੋਂ ਬਿਨਾਂ ਹੋਰ ਬਾਣੀ ਦਾ ਗਾਇਨ ਕਰਨਾ ਉਚਿਤ ਨਹੀਂ ਕਿਉਂਕਿ ਗੁਰੂ ਅਮਰਦਾਸ ਜੀ ਨੇ ਇਹ ਸੰਕੇਤ ਕੀਤਾ ਹੈ :-

'ਸਤਿਗੁਰੂ ਬਿਨਾ ਹੋਰ ਕੱਚੀ ਹੈ ਬਾਣੀ[14]

ਗੁਰੂ ਅਮਰਦਾਸ ਜੀ ਦੇ ਦਰਬਾਰ ਦੀ ਮਰਜਾਦਾ ਦਾ ਵਰਣਨ ਗਿਆਨੀ ਗਿਆਨ ਸਿੰਘ ਨੇ ਇੰਜ ਕੀਤਾ ਹੈ :-

ਗੁਰੂ ਅਮਰਦਾਸ ਜੀ ਨਿੱਤ ਅੰਮ੍ਰਿਤ ਵੇਲੇ ਡੇਢ ਪਹਿਰ ਦੇ ਤੜਕੇ ਜਾਗਦੇ ਸਾਧ ਸੰਗਤ ਨੂੰ ਭੀ ਉਸੇ ਵੇਲੇ ਜਾਗ ਕਰਕੇ ਇਸ਼ਨਾਨ ਤੇ ਨਾਮ ਜਪਣ ਦਾ ਹੁਕਮ ਦੇ ਰੱਖਿਆ ਸੀ...ਪਹੁ ਫਟੀ ਤੋਂ ਸਫੈਦ ਪੁਸ਼ਾਕਾ ਪਹਿਨ ਕੇ ਸਿੰਘਾਸਨ ਉਤੇ ਆ ਬੈਠਦੇ, ਭਾਈ ਸਾਦੂ ਬਾਦੂ ਕੀਰਤਨ ਕਰਦੇ ਤੇ ਗੁਰੂ ਜੀ ਸਿੱਖਾਂ ਨੂੰ ਦਰਸ਼ਨ ਉਪਦੇਸ਼ ਦੇ ਕੇ ਨਿਹਾਲ ਕਰਦੇ।[15]

ਆਪ ਦੇ ਦਰਬਾਰ ਵਿਚ ਭੱਲਾ ਪਿੰਡ ਦੇ ਰਹਿਣ ਵਾਲੇ ਭਾਈ ਪਾਂਧਾ ਅਤੇ ਬੂਲਾ ਵੀ ਕੀਰਤਨ ਕਰਿਆ ਕਰਦੇ ਸਨ। ਇਸ ਗੱਲ ਦੀ ਪੁਸ਼ਟੀ ਭਾਈ ਗੁਰਦਾਸ ਜੀ ਨੇ ਕੀਤੀ ਹੈ :-

'ਪਾਂਧਾ ਬੂਲਾ ਜਾਣੀਐ ਗੁਰਬਾਣੀ ਗਾਇਣ ਲੇਖਾਰੀ[16]।'

ਇਸ ਤਰ੍ਹਾਂ ਗੁਰੂ ਅਮਰਦਾਸ ਜੀ ਦੇ ਵੇਲੇ ਵੀ ਬਾਣੀ ਦਾ ਗਾਇਨ ਕਰਨ ਦੀ ਪ੍ਰਥਾ ਪਹਿਲਾਂ ਵਾਂਗ ਹੀ ਪ੍ਰਚਲਿੱਤ ਸੀ।

ਗੁਰੂ ਅਮਰਦਾਸ ਜੀ ਤੋਂ ਬਾਅਦ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਪ੍ਰਾਪਤ ਹੋਈ। ਗੁਰੂ ਰਾਮਦਾਸ ਜੀ ਦੇ ਵੇਲੇ ਸਿੱਖੀ ਦਾ ਕੇਂਦਰ ਅੰਮ੍ਰਿਤਸਰ ਸੀ। ਆਪ ਦੇ ਦਰਬਾਰ ਦੀ ਮਰਯਾਦਾ ਦਾ ਪਤਾ ਆਪਦੇ ਨਿਤਨੇਮ ਤੋਂ ਲੱਗਦਾ ਹੈ। ਇਹ ਗੁਰੂ ਸਾਹਿਬ ਵੀ ਪਿਛਲੇ ਗੁਰੂਆਂ ਵਾਂਗ ਨਿੱਤ ਸਵਾ ਪਹਿਰ ਦੇ ਤੜਕੇ ਸੋਚ ਇਸ਼ਨਾਨ ਕਰ ਆਤਮਾ ਪਰਮਾਤਮਾ ਦੇ ਸਰੂਪ ਵਿਚ ਮਨ ਨੂੰ ਜੋੜ ਕੇ ਤਾੜੀ ਲਾ ਬੈਠਦੇ। ਪਹੁ ਫੁੱਟੀ ਤੋਂ ਸਭਾ ਵਿਚ ਆ ਕਰ ਆਸਾ ਦੀ ਵਾਰ ਦਾ ਕੀਰਤਨ ਸੁਣਦੇ ਜੋ ਸੱਤਾ ਬਲਵੰਡ ਕਰਿਆ ਕਰਦੇ।[17] ਗੁਰੂ ਰਾਮਦਾਸ ਜੀ ਨੇ ਸਿੱਖ ਬਣਨ ਲਈ ਗੁਰਬਾਨੀ ਦਾ ਗਾਇਨ ਕਰਨਾ ਵੀ ਲਾਜ਼ਮੀ ਦੱਸਿਆ ਹੈ :-

ਗੁਰ ਸਤਿਗੁਰ ਕਾ ਜੋ ਸਿੱਖ ਅਖਾਵੈ।

... ... ... ... ...

ਫਿਰ ਚੜੇ ਦਿਵਸ ਗੁਰਬਾਣੀ ਗਾਵੇ।[18]

ਇਸ ਤਰ੍ਹਾਂ ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਵੀ ਗੁਰਬਾਣੀ ਦੇ ਕੀਰਤਨ ਦਾ ਪ੍ਰਵਾਹ ਚੱਲਦਾ ਰਹਿੰਦਾ ਸੀ।

---

ਫੁੱਟ ਨੋਟ ਤੇ ਹਵਾਲੇ


1. ਕਾਹਨ ਸਿੰਘ ਨਾਭਾ, ਗੁਰਮਤਿ ਪ੍ਰਭਾਕਾਰ ਪੰਨਾ 617
2. ਘਰਿ ਘਰਿ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ।
   ਭਾਈ ਗੁਰਦਾਸ, ਵਾਰ 1, ਪਉੜੀ 27
3. ਭਾਈ ਗੁਰਦਾਸ ਵਾਰ 1, ਪਉੜੀ 38
4. ਗਿਆਨ ਰਤਨਾਵਲੀ, ਹਵਾਲਾ—ਹਰਬੰਸ ਸਿੰਘ,
   ਨਿਰਬਾਣ ਕੀਰਤਨ, ਪੰਨਾ 32
5. ਭਾਈ ਮਨੀ ਸਿੰਘ, ਸਿਖਾਂ ਦੀ ਭਗਤਮਾਲਾ, ਪੰਨਾ 45-47
6. ਇੱਥੇ ਚਾਰ ਪ੍ਰਕਾਰ ਦੇ ਸਰੋਤੇ ਬਣਦੇ ਹਨ। 'ਪੰਜ ਪ੍ਰਕਾਰ' ਦੇ ਲਿਖਾਣੇ ਲਿਖਾਰੀ ਦੀ ਭੁੱਲ ਹੈ।
7. ਭਾਈ ਮਨੀ ਸਿੰਘ, ਗਿਆਨ ਰਤਨਾਵਲੀ ਹਵਾਲਾ ਗਿਆਨੀ ਹਰਬੰਸ ਸਿੰਘ, ਨਿਰਬਾਣ ਕੀਰਤਨ ਪੰਨਾ 31-32
8. ਸਰੂਪ ਦਾਸ ਭਲਾ, ਮਹਿਮਾ ਪ੍ਰਕਾਸ਼ ਛੰਦ 165
9. ਹੁਤਸੁ ਡੂਮਿ ਬਲਵੰਡ ਮਹਾਨਾ।
   ਸਤਾ ਤਿਸਕੋ ਅਨੁਜ ਸੁਜਾਨਾ ਸੂਰਜ ਪ੍ਰਕਾਸ਼, ਪੰਨਾ 3-43
10. ਵੀਰ ਸਿੰਘ (ਭਾ.) ਅਸ਼ਟਗੁਰ ਚਮਤਕਾਰ, ਪੰਨਾ 251
11. ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਪੰਨ- 294
12. ਹਰਬੰਸ ਸਿੰਘ, ਨਿਰਬਾਣ ਕੀਰਤਨ, ਪੰਨਾ 38
13. ਆਦਿ ਗ੍ਰੰਥ, ਪੰਨਾ 920    14. ਉਹੀ ਪੰਨਾ 920
15. ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਪੰਨਾ 317-18
16. ਵਾਰਾਂ ਭਾਈ ਗੁਰਦਾਸ, ਵਾਰ 11, ਪਉੜੀ 16
17. ਗਿਆਨ ਸਿੰਘ ਤਵਾਰੀਖ ਗੁਰੂ ਖਾਲਸਾ, ਪੰਨਾ 346
18. ਆਦਿ ਗ੍ਰੰਥ, ਪੰਨਾ 305


ਚਲਦਾ

# ਵੌਇਸ ਆਫ਼ ਅਮੈਰਿਕਾ (ਰੇਡੀਓ) ਵੱਲੋਂ

## ਗੁਰਪੁਰਬ ਦਾ ਵਿਸ਼ੇਸ਼ ਪ੍ਰੋਗਰਾਮ

ਹਰਜਾਪ ਸਿੰਘ

ਪਹਿਲੀ ਨਵੰਬਰ 1990, ਵੀਰਵਾਰ ਦੀ ਰਾਤ ਵੌਇਸ ਆਫ਼ ਅਮੈਰਿਕਾ ਹਿੰਦੀ ਸੇਵਾ ਦੇ ਇਤਿਹਾਸ ਦੀ ਇਕ ਸੁਨਹਿਰੀ ਰਾਤ ਸੀ ਜਦੋਂ 40 ਸਾਲ ਪੁਰਾਣੀ ਇਸ ਸੇਵਾ ਨੇ ਪਹਿਲੀ ਵਾਰੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਜਨਮ ਉਤਸਵ ਦੇ ਉਪਲਕਸ਼ ਵਿਚ ਗੁਰਬਾਣੀ ਸੰਗੀਤ ਦਾ ਇਕ ਸੁੰਦਰ ਪ੍ਰੋਗਰਾਮ ਪੇਸ਼ ਕੀਤਾ।

ਅਮਰੀਕਾ ਦੇ ਇਸ ਪ੍ਰਭਾਵਸ਼ਾਲੀ ਰੇਡੀਓ ਮਾਧਿਅਮ ਦੀ ਇਕ ਮੇਧਾਵੀ ਅਤੇ ਅਨੁਭਵੀ ਪ੍ਰਸਾਰਨ ਕਰਤਾ ਬੀਬੀ ਵਿਜੇ ਲਕਸ਼ਮੀ ਜਿਸਦੀ ਮਸ਼ਹੂਰੀ ਸ੍ਰੀ ਲੰਕਾ ਬਰੌਡਕਾਸਟਿਕ ਕਾਰਪੋਰੇਸ਼ਨ ਕੋਲੰਬੋ ਦੇ ਹਿੰਦੀ ਪ੍ਰੋਗਰਾਮ ਦੀ ਸੰਚਾਲਕ ਦੇ ਤੌਰ ਤੇ ਸਾਰੇ ਭਾਰਤੀ ਉੱਪ ਮਹਾਂਦੀਪ ਵਿਚ ਸੀ, ਨੇ ਇਸ ਪ੍ਰੋਗਰਾਮ ਦੇ ਨਿਰਮਾਣ ਅਤੇ ਪ੍ਰਸਤੁੱਤ ਕਰਨ ਦਾ ਸ਼ਰਫ਼ ਪ੍ਰਾਪਤ ਕੀਤਾ।

ਹਰ ਪੱਖ ਤੋਂ ਇਹ ਪ੍ਰੋਗਰਾਮ ਇਤਿਹਾਸਕ ਅਹਿਮੀਅਤ ਵਾਲਾ ਸੀ। ਸਿੱਖ ਧਾਰਮਿਕ ਫਿਲਮਾਂ ਦੇ ਸੁਪਰਸਿੱਧ ਸੰਗੀਤਕਾਰ ਐਸ ਮੁਹਿੰਦਰ ਜੋ ਪਿਛੋਂ ਸ੍ਰੀ ਨਨ-ਕਾਣਾ ਸਾਹਿਬ ਤੋਂ ਹਨ, ਨਾਲ ਭੇਂਟ ਵਾਰਤਾ ਪ੍ਰਸਾਰਤ ਕੀਤੀ ਗਈ। ਸੰਗੀਤ ਦੀ ਚੋਣ ਭੀ ਇਤਿਹਾਸਕ ਦ੍ਰਿਸ਼ਟੀਕੋਣ ਨਾਲ ਕੀਤੀ ਗਈ। ਗੁਰਦਵਾਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਦੇ ਭੂਤ ਪੂਰਵਕ ਹਜ਼ੂਰੀ ਰਾਗੀ ਸਵਰਗਵਾਸੀ ਭਾਈ ਸਮੁੰਦ ਸਿੰਘ ਜੀ ਦੀ ਮਧੁਰ ਆਵਾਜ ਨਾਲ ਪ੍ਰੋਗਰਾਮ ਦਾ ਅਰੰਭ ਹੋਇਆ। ਫੇਰ ਇਕ ਹੋਰ ਸ਼ਬਦ ਸਵਰਗਵਾਸੀ ਭਾਈ ਸਾਹਿਬ ਭਾਈ ਸੰਤਾ ਸਿੰਘ ਜੀ ਭੂਤ-ਪੂਰਵਕ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅਤੇ ਹਜ਼ੂਰੀ ਰਾਗੀ ਗੁਰਦਵਾਰਾ ਸੀਸ ਗੰਜ ਸਾਹਿਬ ਦਿੱਲੀ ਦੀ ਮਧੁਰ ਆਵਾਜ਼ ਵਿਚ ਰਿਕਾਰਡ ਹੋਇਆ ਪੇਸ਼ ਕੀਤਾ। ਫੇਰ ਅੱਜ ਕਲ੍ਹ ਦੇ ਮਸ਼ਹੂਰ ਰਾਗੀ ਸਿੰਘ ਭਾਈ ਅਵਤਾਰ ਸਿਘ ਗੁਰਚਰਨ ਸਿੰਘ ਜੀ ਦੀਆ ਆਵਾਜ਼ਾਂ ਵਿਚ ਇਕ ਅਤੀਤ ਵਿਚ ਡੁੱਬੀ ਹੋਈ ਰੀਤ ਸਰਵਣ ਕੀਤੀ। ਫੇਰ ਸਵਰਗਵਾਸੀ ਭਾਈ ਦਿਦਾਰ ਸਿੰਘ ਜੀ ਅਤੇ ਸਵਰਗਵਾਸੀ ਭਾਈ ਸ਼ਮਸ਼ੇਰ ਸਿੰਘ ਜ਼ਖਮੀ ਦੀਆਂ ਅਵਾਜ਼ਾਂ ਵਿਚ ਅਮਰੀਕਾ ਦੀਆਂ ਰਿਕਾਰ-ਡਿੰਗਜ਼ ਪੇਸ਼ ਕੀਤੀਆਂ ਗਈਆਂ। ਅੰਤ ਵਿਚ ਡਾਕਟਰ ਜਗੀਰ ਸਿੰਘ ਹੋਰਾਂ ਦੇ ਮਿੱਠੇ ਸਵੱਰ ਕੰਨੀ ਪਏ। ਇਹ ਸਾਰੇ ਹੀ ਕੀਰਤਨੀਏ ਆਪਣੇ ਆਪ ਵਿਚ ਆਸਾ-ਧਾਰਨ ਸ੍ਰੇਣੀ ਦੇ ਕੀਰਤਨੀਏ ਹਨ।

ਗੁਰ ਪੂਰਬ ਦੀ ਤਾਰੀਖ਼ ਤੋਂ ਦੋ ਮਹੀਨੇ ਪਹਿਲਾਂ ਹੀ ਬੀਬੀ ਵਿਜੇ ਲਕਸ਼ਮੀ ਇਸ ਮਹਾਨ ਗੁਰ ਪੂਰਬ ਤੇ ਪ੍ਰਸਾਰਤ ਹੋਣ ਵਾਲੇ ਇਸ ਵਿਸ਼ੇਸ਼ ਪ੍ਰੋਗਰਾਮ ਦੇ ਨਿਰਮਾਣ ਵਿਚ ਮਸਰੂਫ ਹਨ।

ਆਕਾਸ਼ਵਾਣੀ ਜਲੰਧਰ ਦੇ ਭੂਤ ਪੂਰਵਕ ਸਰਦਾਰ ਜੋਧ ਸਿੰਘ ਜੀ ਜੋ ਇਨ੍ਹਾਂ ਦਿਨਾਂ ਵਿਚ ਅਮਰੀਕਾ ਸਨ, ਨੂੰ ਬੀਬੀ ਵਿਜੇ ਲਕਸ਼ਮੀ ਨੇ ਉਚੇਚੇ ਤੌਰ ਤੇ ਲੱਭ ਕੇ ਉਨ੍ਹਾਂ ਨਾਲ ਇੰਟਰਵਿਓ ਕੀਤੀ ਜੋ ਇਸ ਪ੍ਰੋਗਰਾਮ ਵਿਚ ਪੇਸ਼ ਕੀਤੀ ਜਾਵੇਗੀ।

ਸਾਡੇ ਵਿਚੋਂ ਸ਼ਾਇਦ ਬਹੁਤਿਆਂ ਨੂੰ ਪਤਾ ਨਹੀਂ ਹੈ ਕਿ ਸਰਦਾਰ ਜੋਧ ਸਿੰਘ ਜੀ ਪਾਕਿਸਤਾਨ ਤੋਂ ਆਉਣ ਤੇ ਆਕਾਸ਼ਵਾਣੀ ਜਲੰਧਰ ਵਿਖੇ ਸੇਵਾ ਕਰਨ ਲੱਗੇ। ਉਨ੍ਹਾਂ ਦੇ ਉੱਦਮਾਂ ਦੇ ਸਦਕੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਅਤੇ ਦਸਮੇਸ਼ ਪਿਤਾ ਜੀ ਦੇ ਆਗਮਨ ਦਿਵਸਾਂ ਦੇ ਗੁਰ ਪੂਰਬਾਂ ਸਮੇਂ ਸਿਧਾ ਪ੍ਰਸਾਰਨ ਸ਼ੁਰੂ ਹੋਇਆ। ਗੁਰਬਾਣੀ ਦੇ ਕਈ ਵਿਸ਼ੇਸ਼ ਪ੍ਰੋਗਰਾਮ ਆਪ ਜੀ ਦੇ ਉਦਮ ਨਾਲ ਹੋਂਦ ਵਿਚ ਆਏ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਪੰਜਵੀਂ ਜਨਮ ਸ਼ਤਾਬਦੀ ਦੇ ਸੰਬੰਧ ਵਿਚ ਦਿੱਲੀ ਵਿਖੇ ਇਕ ਗੁਰੂ ਨਾਨਕ ਫਾਊਂਡੇਸ਼ਨ ਕਾਇਮ ਕੀਤੀ ਗਈ। ਇਸ ਸੰਸਥਾ ਨੇ ਕਈ ਲੌਂਗ ਪਲੇ ਰਿਕਾਰਡ ਸ਼ਾਇਆ ਕਰਵਾਏ। ਇਨ੍ਹਾਂ ਰਿਕਾਰਡਾਂ ਵਿਚ ਭਰੀਆਂ ਆਵਾਜ਼ਾਂ ਅਤੇ ਸਾਜ਼ਾਂ ਦੀ ਚੋਣ ਵਿਚ ਸਰਦਾਰ ਸਾਹਿਬ ਦਾ ਨੁਮਾਇਆਂ ਕਿਰਦਾਰ ਸੀ। ਹੁਣ ਭੀ ਆਪ ਵੱਖ ਵੱਖ ਥਾਵਾਂ ਤੇ ਕੀਰਤਨ ਦਰਬਾਰਾਂ ਦਾ ਸੰਯੋਜਨ ਕਰਦੇ ਹਨ। ਬੇਰੂਨੀ ਮੁਲਕਾਂ ਵਿਚ ਵਸਦੇ ਸਿੱਖ ਪਰਿਵਾਰਾਂ ਦੇ ਨੌਨਿਹਾਲਾਂ ਦੀ ਸਿੱਖੀ ਪਰੰਪਰਾ ਵਿਚ ਪਰਵਰਿਸ਼ ਵਾਸਤੇ ਲੋੜੀਂਦੀਆਂ ਸਿੱਖ ਇਤਿਹਾਸ ਅਤੇ ਸਿੱਖ ਧਰਮ ਦੀਆਂ ਪੁਸਤਕਾਂ ਭੀ ਸਰਦਾਰ ਜੋਧ ਸਿੰਘ ਭਾਰਤ ਤੋਂ ਖ਼ਰੀਦ ਕੇ ਗ਼ੈਰ ਮੁਲਕਾਂ ਨੂੰ ਭੇਜਣ ਦੀ ਸੇਵਾ ਕਰਦੇ ਹਨ। ਮੁਮਕਿਨ ਹੈ ਕਿ ਉਪਰੋਕਤ ਕੁਝ ਪਹਿਲੂਆਂ ਤੇ ਬੀਬੀ ਵਿਜੇ ਲਕਸ਼ਮੀ ਨੇ ਸਵਾਲ ਕੀਤੇ ਹੋਣਗੇ। ਇਹ ਜਵਾਬ ਤੁਸੀਂ ਗੁਰੂ ਨਾਨਕ ਜੈਅੰਤੀ ਦੇ ਵਿਸ਼ੇਸ਼ ਸੰਗੀਤਕ ਪ੍ਰੋਗਰਾਮ ਵਿਚ ਸੁਣ ਸਕੋਗੇ। ਸ਼ਬਦ ਕੀਰਤਨ ਦੀ ਚੋਣ ਭੀ ਚੋਖੀ ਮਿਹਨਤ ਨਾਲ ਕੀਤੀ ਜਾਵੇਗੀ।

ਵੌਇਸ ਆਫ਼ ਅਮੇਰਿਕਾ ਦੀ ਲਾਇਬਰੇਰੀ ਵਿਚ ਗੁਰਮਤਿ ਸੰਗੀਤ ਦੀ ਰਿਕਾਰਡਿੰਗਜ਼ ਦੀ ਮਿਕਦਾਰ ਬਹੁਤ ਹੀ ਸੀਮਿਤ ਹੈ। ਕੀਤਾ ਕੀ ਜਾਵੇ ਬਾਜ਼ਾਰ ਵਿਚ ਜੋ ਰਿਕਾਰਡ ਜਾਂ ਟੇਪਸ ਮਿਲਦੇ ਹਨ ਉਹ ਸਿੱਖ ਜਗਤ ਦੀ ਕੀਰਤਨ ਪਰੰਪਰਾ ਦੇ ਸਰਬੋਤਮ ਨਮੂਨਿਆਂ ਵਿਚੋਂ ਨਹੀਂ ਹਨ। ਯਤਨ ਕੀਤੇ ਜਾ ਰਹੇ ਹਨ ਕਿ ਗੁਰਮਤਿ ਸੰਗੀਤ ਦੀਆਂ ਕੁਝ ਨਾਯਾਬ ਰਿਕਾਰਡਿੰਗਜ਼ ਪ੍ਰਾਪਤ ਕਰਕੇ ਵੌਇਸ ਔਫ ਅਮੇਰਿਕਾ ਨੂੰ ਦਿੱਤੀਆਂ ਜਾਣ।

ਭਾਈ ਸਾਹਿਬ ਭਾਈ ਬਲਬੀਰ ਸਿੰਘ ਜੀ ਦਰਬਾਰ ਸਾਹਿਬ ਵਾਲਿਆਂ ਦੀਆਂ ਜੇ ਕੋਈ ਰਿਕਾਰਡਿੰਗਜ਼ ਮਿਲ ਸਕਣ ਤਾਂ ਉਹ ਵੌਇਸ ਆਫ਼ ਅਮੇਰਿਕਾ ਨੂੰ ਦਿੱਤੀਆਂ ਜਾ ਸਕਦੀਆਂ ਹਨ।

ਕਿਰਪਾ ਕਰਕੇ ਵੀਰਵਾਰ 21 ਨਵੰਬਰ ਨੂੰ ਵਾਇਸ ਆਫ ਅਮੇਰੀਕਾ ਦੇ ਹਿੰਦੀ ਪ੍ਰਸਾਰਨ ਦੇ ਅੰਤਰਗਤ ਰਾਤ ਦੀ ਸਭਾ ਦਸ ਵਜੇ ਤੋਂ ਬਾਅਦ ਗੁਰੂ ਨਾਨਕ ਜੈਅੰਤੀ ਦੇ ਉਪਲਕਸ਼ ਵਿਚ ਵਿਸ਼ੇਸ਼ ਪ੍ਰੋਗਰਾਮ ਸੁਣਨਾ ਨਾ ਭੁੱਲੋ। ਸੁਣਨ

(ਬਾਕੀ ਪੇਜ 4 ਤੇ)

# ਗੁਰੂ ਨਾਨਕ ਦੀ ਸੰਗੀਤ ਕਲਾ

ਪ੍ਰੋ. ਪਿਆਰਾ ਸਿੰਘ ਪਦਮ

ਸੰਗੀਤ ਤੇ ਕਵਿਤਾ ਦਾ ਡੂੰਘਾ ਨਾਤਾ ਹੈ, ਰੂਹਾਨੀਅਤ ਇਨ੍ਹਾਂ ਦੋਹਾਂ ਕਲਾਂ ਨੂੰ ਮਿਲਾਕੇ ਇਕ ਅਨੂਪਮ ਰਸ ਪੈਦਾ ਕਰਦੀ ਹੈ, ਜਿਸਦਾ ਕੋਈ ਮੁਕਾਬਲਾ ਨਹੀਂ। ਮੱਧ-ਕਾਲੀਨ ਰਹੱਸਵਾਦੀ ਕਾਵਿ ਦੀ ਇੱਕ ਵਿਸ਼ੇਸ਼ਤਾ ਇਹ ਹੈ ਕਿ ਇਹ ਵਧੇਰੇ ਰਾਗ ਵਿਚ ਹੈ। ਭਗਤੀ ਲਹਿਰ ਸਮੇਂ ਜਿਨ੍ਹਾਂ ਸੰਤਾਂ ਭਗਤਾਂ ਰੂਹਾਨੀ ਗੀਤ ਗਾਏ, ਉਨ੍ਹਾਂ ਸਾਰਿਆਂ ਹੀ ਆਪਣੀ ਰਚਨਾ ਉੱਤੇ ਰਾਗਾਂ ਦੇ ਸੰਕੇਤ ਦਿੱਤੇ ਹਨ। ਇਸ ਤੋਂ ਪਰਗਟ ਹੈ ਕਿ ਉਸ ਸਮੇਂ ਦੇ ਸੰਤ ਕਵੀ ਸੰਗੀਤ ਤੋਂ ਚੰਗੀ ਤਰ੍ਹਾਂ ਜਾਣੂ ਸਨ ਤੇ ਉਹ ਆਪਣੀ ਕਾਵਿ-ਰਚਨਾ ਦੇ ਵਿਸ਼ੈ-ਵਸਤੂ ਅਨੁਸਾਰ ਸੰਗੀਤਕ ਧਾਰਨਾ ਦਾ ਆਸਰਾ ਲੈਂਦੇ ਸਨ।

ਗੁਰੂ ਨਾਨਕ ਸਾਹਿਬ ਦੀ ਸ਼ਖਸੀਅਤ ਕਲਾਤਮਕ ਪੱਖ ਤੋਂ ਵਿਚਿਤ੍ਰ ਵਿਸ਼ੇਸ਼ਤਾਵਾਂ ਦੀ ਮਾਲਕ ਸੀ। ਉਹ ਮਹਾਨ ਗੁਰੂ ਤਾਂ ਸਨ, ਨਾਲ ਹੀ ਮਹਾਨ ਕਵੀ ਤੇ ਪਰਮ ਸੰਗੀਤੱਗ ਵੀ ਸਨ। ਉਨ੍ਹਾਂ ਦੀ ਉਚ ਆਤਮਾ ਸੰਗੀਤ ਨਾਲ ਭਰਪੂਰ ਸੀ, 'ਘਟ ਘਟ ਵਾਜਹਿ ਨਾਦ' ਦੇ ਬਚਨ ਤੋਂ ਜ਼ਾਹਰ ਹੈ ਕਿ ਉਨ੍ਹਾਂ ਨੂੰ ਸਾਰੇ ਬ੍ਰਹਿਮੰਡ ਦਾ ਸੰਗੀਤ ਸੁਣਾਈ ਦੇ ਰਿਹਾ ਸੀ। ਜੇ ਉਹ ਅੰਦਰ ਸਮਾਧੀ ਵਿਚ ਜੁੜਦੇ ਤਾਂ ਅਨਹਦ ਨਾਦ ਦੀ ਗੂੰਜ ਮਸਤ ਕਰ ਦੇਂਦੀ ਸੀ ਤੇ ਜੇ ਜ਼ਰਾ ਬਾਹਰ ਧਿਆਨ ਲਾਉਂਦੇ ਤਾਂ ਸਾਰੀ ਕੁਦਰਤ ਗੁਣ-ਗੁਣਾਉਂਦੀ ਨਜ਼ਰੀ ਪੈਂਦੀ ਸੀ। ਇਹ ਕਿਸੇ ਪਰਮਸੱਤਾ ਨਾਲ ਸੁਰ ਹੋਏ ਸਾਜ ਦੀ ਆਵਾਜ਼ ਹੀ ਹੈ :-

ਵਾਜੇ ਨਾਦ ਅਨੇਕ ਅਸੰਖਾ, ਕੇਤੇ ਵਾਵਣਹਾਰੇ।
ਕੇਤੇ ਰਾਗ ਪਰੀ ਸਿਉ ਕਹੀਅਨਿ, ਕੇਤੇ ਗਾਵਣਹਾਰੇ।......
ਹੋਰ ਕੇਤੇ ਗਾਵਨਿ ਸੇ ਮੈ ਚਿਤ ਨ ਆਵਨਿ, ਨਾਨਕ ਕਿਆ ਬੀਚਾਰੇ।

ਇਉਂ ਸੰਗੀਤ ਨਾਲ ਅਭੇਦ ਗੁਰੂ ਜਾਣਦੇ ਸਨ ਕਿ ਮਨੁੱਖੀ ਆਤਮਾ ਦੇ ਸਾਜ਼ ਨੂੰ ਸੁਰ ਕਰਨ ਲਈ ਖੁਸ਼ਕ ਆਤਮ-ਗਿਆਨ ਕੰਮ ਨਹੀਂ ਸਾਰ ਸਕਦਾ। ਇਸੇ ਲਈ ਉਨ੍ਹਾਂ ਆਪਣੀ ਗੱਲ ਥਾਂ ਥਾਂ ਰਬਾਬ ਦੀਆਂ ਧੁਨਾਂ ਨਾਲ ਗਾ ਕੇ ਆਖੀ। ਇਸ ਹਕੀਕਤ ਦਾ ਉਨ੍ਹਾਂ ਨੂੰ ਪਹਿਲੇ ਗਿਆਨ ਸੀ. ਇਸ ਲਈ ਜਦ ਉਹ ਸੁਲਤਾਨਪੁਰ ਤੋਂ ਧਰਮ ਪ੍ਰਚਾਰ ਲਈ ਚਲੇ ਤਾਂ ਉਨ੍ਹਾਂ ਆਪਣਾ ਸਾਥੀ ਮਰਦਾਨਾ ਚੁਣਿਆ ਜੋ ਚੰਗਾ ਗਵੰਤ੍ਰੀ ਸੀ ਤੇ ਬੇਬੇ ਨਾਨਕੀ ਤੋਂ ਉਚੇਚੇ ਪੈਸੇ ਲੈ ਕੇ ਭਾਈ ਫਿਰੰਦੇ ਤੋਂ ਰਬਾਬ ਸਾਜ ਖਰੀਦਿਆ। ਉਹ ਜਿਥੇ ਵੀ ਗਏ, ਮਰਦਾਨਾ ਨਾਲ ਹੁੰਦਾ ਤੇ ਜਦ ਵੀ ਉਹ ਆਪਣਾ ਮਨੋਹਰ ਸੰਦੇਸ਼ ਬਾਣੀ ਦੁਆਰਾ ਸੁਣਾਉਣਾ ਚਾਹੁੰਦੇ ਤਾਂ ਆਪਣੇ ਸਾਥੀ ਨੂੰ ਆਖਦੇ :—

'ਮਰਦਾਨਿਆਂ! ਰਬਾਬ ਛੇੜ ਬਾਣੀ ਆਈ ਹੈ।'

ਭਾਈ ਗੁਰਦਾਸ ਜੀ ਨੇ ਭਾਈ ਮਰਦਾਨੇ ਬਾਰੇ ਦੋ ਥਾਂ ਲਿਖਿਆ ਹੈ :—

ਇਕ ਬਾਬਾ ਅਕਾਲ ਰੂਪ, ਦੂਜਾ ਰਬਾਬੀ ਮਰਦਾਨਾ । ਯਾ
ਭਲਾ ਰਬਾਬ ਵਜਾਇੰਦਾ, ਮਜਲਿਸ ਮਰਦਾਨਾ ਮੀਰਾਸੀ ।

'ਰਬਾਬ' ਮੁਸਲਮਾਨੀ ਸਾਜ਼ ਹੈ ਜਿਸ ਦੀ ਵਰਤੋਂ ਵਧੇਰੇ ਪੰਜਾਬ, ਸੂਬਾ ਸਰਹੰਦ ਯਾ ਅਫਗਾਨਿਸਤਾਨ ਵਲ ਹੁੰਦੀ ਰਹੀ ਹੈ। ਕੁਝ ਕੁ ਲੋਕਾਂ ਦਾ ਵਿਚਾਰ ਹੈ ਕਿ ਇਸ ਦੀ ਸਿਰਜਨਾ ਸਕੰਦਰਜ਼ੁਲ ਕਰਨੈਨ ਨੇ ਕੀਤੀ ਸੀ। ਇਸ ਵਿਚ ਹੇਠਾਂ ਸੱਤ ਤੇ ਉਪਰ ਚਾਰ ਤਾਰ ਹੁੰਦੇ ਹਨ।[1] ਤੇ ਇਹ ਸਾਜ਼ ਤਿਕੋਣੀ ਲਕੜੀ ਨਾਲ ਵਜਾਇਆ ਜਾਂਦਾ ਹੈ। ਸਰੋਦ ਤੇ 'ਸੁਰ-ਸ਼ਿੰਗਾਰ' ਇਸ ਨਾਲ ਕਾਫੀ ਮਿਲਦੇ-ਜੁਲਦੇ ਹਨ। ਕਈਆਂ 'ਰਬਾਬ' ਨੂੰ 'ਰਾਵਣ ਵੀਣਾ' ਨਾਲ ਮਿਲਾਇਆ ਹੈ। ਇਹ ਦੋ ਤਰ੍ਹਾਂ ਦੀ ਹੁੰਦੀ ਹੈ—ਨਿਬੱਧ ਤੇ ਅਨਿਬੱਧ। ਜਿਸਦੇ ਤੰਦਾਂ ਦੇ ਬੰਦ ਸੁਰ ਚਿੰਨ੍ਹਾਂ ਲਈ ਬਧੇ ਹੋਣ, ਉਹ ਨਿਬੱਧ ਹੈ, ਜਿਸ ਦੇ ਨ ਬੰਨੇ ਹੋਣ ਉਹ ਅਨਿਬੱਧ ਕਹੀ ਜਾਂਦੀ ਹੈ।[2] ਸੋ ਇਹ ਤੰਤੀ ਸਾਜ਼ ਕਾਫੀ ਪੁਰਾਣਾ ਹੈ, ਇਕ ਗੱਲ ਜ਼ਰੂਰ ਹੈ ਕਿ ਹੋਰਾਂ ਤਾਰ ਦੇ ਸਾਜ਼ਾਂ ਨਾਲੋਂ ਵਜਾਉਣਾ ਜ਼ਰਾ ਕਠਿਨ ਨੂੰ। ਹਰ ਵਜੰਤ੍ਰੀ ਇਸ ਵਿਚ ਪ੍ਰਬੀਨ ਨਹੀਂ ਹੋ ਸਕਦਾ। ਵੈਸੇ ਗੁਰੂਆਂ ਦੇ ਜ਼ਮਾਨੇ ਆਮ ਸਭਾਵਾਂ ਵਿਚ ਇਸ ਦੀ ਵਰਤੋਂ ਸੀ ਕਬੀਰ ਸਾਹਿਬ ਵਿਚ ਵੀ ਇਸ ਦਾ ਹਵਾਲਾ ਮਿਲਦਾ ਹੈ :—

ਟੂਟੀ ਤੰਤੁ ਨ ਬਜੈ ਰਬਾਬੁ ।
ਭੂਲਿ ਬਿਗਾਰਿਓ ਅਪੁਨਾ ਕਾਜੁ ।

ਗੁਰੂ ਰਾਮ ਦਾਸ ਲਿਖਦੇ ਹਨ :—

ਤੇਰਾ ਜਨ ਨਿਰਤ ਕਰੇ ਗੁਨ ਗਾਵੈ ।
ਰਬਾਬ ਪਖਾਬਜ ਤਾਲ ਘੁੰਗਰੂ, ਅਨਹਦ ਸਬਦ ਵਜਾਵੈ ।
ਕਰ ਕਰਿਤਾਲ ਪਖਾਵਜੁ ਨੈਨਹੁ, ਮਾਥੈ ਵਜਹਿ ਰਬਾਬਾ ।
ਕਰਨਹੁ ਮਧੁਰ ਬਾਸੁਰੀ ਬਾਜੈ, ਜਿਹਵਾ ਧੁਨਿ ਆਗਾਜਾ ।

ਗੁਰੂ ਨਾਨਕ ਸਾਹਿਬ ਵਲੋਂ ਪ੍ਰਚਾਰ ਲਈ ਰਬਾਬੀ ਸਾਥੀ ਦੀ ਚੋਣ ਤੇ ਰਬਾਬ ਸਦਾ ਨਾਲ ਰੱਖਣਾ ਇਹ ਸਿੱਧ ਕਰਨ ਲਈ ਕਾਫੀ ਹੈ ਕਿ ਉਹ ਚੰਗੇ ਗਵਈਏ ਸਨ ਤੇ ਉਨ੍ਹਾਂ ਨੂੰ ਸੰਗੀਤ ਕਲਾ ਦੀ ਚੰਗੀ ਸੋਝੀ ਸੀ। ਕਈ ਰਾਗਾਂ ਦੀਆਂ ਧੁਨਾਂ ਤੋਂ ਉਹ ਪੰਜਾਬ ਵਿਚ ਰਹਿੰਦੇ ਹੀ ਜਾਣੂ ਹੋ ਗਏ ਹੋਣਗੇ। ਖਾਸ ਕਰਕੇ ਸੁਲਤਾਨਪੁਰ ਇਕ ਤਰ੍ਹਾਂ ਵਿਦਿਆ ਕਲਾ ਤੇ ਕਲਚਰ ਦਾ ਕੇਂਦਰ ਸੀ। ਦੌਲਤ ਖਾਂ ਲੋਧੀ ਦੀ ਆਪਣੀ ਲਾਇਬਰੇਰੀ ਚੰਗੀ ਵੱਡੀ ਸੀ, ਜਿਸ ਨੂੰ ਬਾਬਰ ਨੇ ਹਥਿਆਇਆ ਤੇ ਪੁਸਤਕਾਂ ਨੂੰ ਲੁੱਟ ਕੇ ਸਮਰਕੰਦ ਪਹੁੰਚਾਇਆ। ਅਜਕਲ ਇਨ੍ਹਾਂ ਵਿਚੋਂ ਕਈ ਖਰੜੇ ਤਾਸਕੰਦ ਦੀ ਲਾਇਬਰੇਰੀ ਵਿਚ ਸੁਰੱਖਿਅਤ ਹਨ। ਜ਼ਾਹਰ ਹੈ ਕਿ ਇਹ ਲੋਕ ਉਚੀ ਵਿਦਿਆ ਤੇ ਕਲਾ ਦੇ ਪ੍ਰੇਮੀ ਸਨ

---

੧ ਹਿੰਦੀ ਸਾਹਿਤ ਕਾ ਬ੍ਰਿਹਦ ਇਤਿਹਾਸ, ਪ੍ਰਥਮ ਭਾਗ, ਪੰਨਾ ੬੫੫
(ਨਗਰੀ ਪ੍ਰਚਾਰਨੀ ਸਭਾ, ਕਾਸ਼ੀ)

੨ ਮਹਾਨਕੋਸ਼ (ਭਾ: ਕਾਨ੍ਹ ਸਿੰਘ, ਪੰਨਾ ੩੦੬੨ ।

ਤੇ ਇਸ ਸਰਪ੍ਰਸਤੀ ਸਦਕ ਸੁਲਤਾਨਪੁਰ ਵਿਚ ਚੰਗੇ ਚੰਗੇ ਕਲਾਕਾਰ ਤੇ ਆਲਿਮ ਫਾਜ਼ਿਲ ਵਸਦੇ ਸਨ। ਇਨ੍ਹਾਂ ਦੀ ਸੰਗਤ ਦਾ ਗੁਰੂ ਸਾਹਿਬ ਉਤੇ ਵੀ ਉਚਿਤ ਪ੍ਰਭਾਵ ਪਿਆ ਹੋਵੇਗਾ। ਫਿਰ ਉਨ੍ਹਾਂ ਦੇ ਸੈਲਾਨੀ ਜੀਵਨ ਨੇ ਬਹੁਤ ਕੁਝ ਪੰਜਾਬ ਤੋਂ ਬਾਹਰ ਫਿਰ ਤੁਰ ਕੇ ਵੀ ਗ੍ਰਹਿਣ ਕੀਤਾ। ਜਿਨ੍ਹਾਂ ੧੯ ਰਾਗਾਂ ਵਿਚ ਗੁਰੂ ਸਾਹਿਬ ਨੇ ਬਾਣੀ ਉਚਾਰਣ ਕੀਤੀ ਹੈ, ਪਰਗਟ ਹੈ ਉਨ੍ਹਾਂ ਨੂੰ ਚੰਗੀ ਪ੍ਰਬੀਨਤਾ ਪ੍ਰਾਪਤ ਸੀ। ਉਸ ਸਮੇਂ ਉਤਰੀ ਹਿੰਦ ਦੀ ਗਾਉਣ ਸ਼ੈਲੀ ਹੋਰ ਸੀ ਤੇ ਦੱਖਣ ਦੀ ਹੋਰ। ਲੇਕਿਨ ਗੁਰੂ ਜੀ ਨੇ ਕਈ ਰਾਗਾਂ ਦੇ ਗਾਉਣ ਵਿਚ ਦੋਹਾਂ ਸ਼ੈਲੀਆਂ ਨੂੰ ਅਪਣਾਇਆ ਜਿਵੇਂ ਰਾਮਕਲੀ ਦੱਖਣੀ, ਗਉੜੀ ਦੱਖਣੀ, ਬਿਲਾਵਲ ਦੱਖਣੀ, ਵਡਹੰਸ ਦੱਖਣੀ ਤੇ ਪ੍ਰਭਾਤੀ ਦੱਖਣੀ ਆਦਿ। ਇਸੇ ਤਰ੍ਹਾਂ ਗਉੜੀ ਰਾਗ ਦੇ ਕਈ ਭੇਦ ਸਨ ਜੋ ਗੁਰੂ ਜੀ ਨੇ ਵਰਤੇ। ਜਿਵੇਂ ਗਉੜੀ ਗੁਆਰੇਰੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਬੀ ਆਦਿ। ਕਈ ਰਾਗ ਮਿਲਾਕੇ ਵਰਤੇ ਹਨ ਜਿਵੇਂ ਬਸੰਤ ਹਿੰਡੋਲ, ਪ੍ਰਭਾਤੀ ਬਿਭਾਸ। ਇਸੇ ਤਰ੍ਹਾਂ ੧੦ ਘਰ ਤਕ ਗਾਉਣੀ ਉਨ੍ਹਾਂ ਦੀ ਸੰਗੀਤ ਕਲਾ ਦਾ ਪ੍ਰਮਾਣ ਹੈ। ਇਸ ਤੋਂ ਇਲਾਵਾ ਛੰਤ, ਪਹਰੇ, ਅਲਾਹੁਣੀ, ਸ਼ਬਦ, ਕਾਫੀ ਆਦਿ ਗਾਉਣ ਦਾ ਵੱਖਰਾ ਵੱਖਰਾ ਢੰਗ ਸੀ, ਗੁਰੂ ਸਾਹਿਬ ਨੇ ਲੋਕ-ਸੰਗੀਤ ਦੇ ਜਾਣਕਾਰ ਹੋਣ ਦੇ ਨਾਤੇ ਇਨ੍ਹਾਂ ਲੋਕ ਧਾਰਨਾਵਾਂ ਦੇ ਅਧਾਰ ਤੇ ਅਧਿਆਤਮਕ ਬਾਣੀ ਗਾਇਨ ਕੀਤੀ ਜਿਸ ਦੇ ਸਬੂਤ ਉਨ੍ਹਾਂ ਦੀ ਰਚਨਾ ਤੋਂ ਮਿਲਦੇ ਹਨ।

ਸੰਗੀਤ-ਵੇਤਾ ਜਾਣਦੇ ਹਨ ਕਿ ਸੰਗੀਤ ਦੋ ਕਿਸਮ ਦਾ ਹੈ ਮਾਰਗੀ ਤੇ ਦੇਸੀ। ਮਾਰਗੀ ਤੋਂ ਭਾਵ ਕਲਾਸੀਕਲ ਯਾ ਪੱਕਾ ਰਾਗ ਹੈ ਤੇ ਦੇਸੀ ਤੋਂ ਮੁਰਾਦ ਲੋਕ-ਸੰਗੀਤ ਹੈ। ਗੁਰੂ ਸਾਹਿਬ ਨੇ ਦੋਹਾਂ ਨੂੰ ਮਿਲਾਕੇ ਵਰਤਿਆ ਹੈ। ਉਂਜ ਗਾਉਣ ਦੀਆਂ ਸ਼ੈਲੀਆਂ ਹਨ, ਹਿੰਦੁਸਤਾਨੀ ਤੇ ਕਰਨਾਟਕੀ ਯਾ ਉਤਰੀ ਤੇ ਦੱਖਣੀ। ਗੁਰੂ ਜੀ ਨੇ ਦੋਹਾਂ ਦਾ ਪ੍ਰਯੋਗ ਕੀਤਾ ਹੈ। ਸੰਗੀਤ ਸਬੰਧੀ ਚਾਰ ਮਤ ਹਨ—ਸ਼ਿਵ ਮਤ, ਭਰਤ ਮਤ, ਹਨੁਮੰਤ ਮਤ ਤੇ ਸ੍ਰੀ ਕ੍ਰਿਸ਼ਨ ਮਤ। ਸ਼ਿਵ ਮਤ ਤੇ ਕ੍ਰਿਸ਼ਨ ਮਤ ਅਤੇ ਭਰਤ ਮਤ ਤੇ ਹਨੁਮੰਤ ਮਤ ਰਲਦੇ ਮਿਲਦੇ ਹਨ। ਹਨੁਮੰਤ ਮਤ ਅਨੁਸਾਰ ਮੁਢ ਛੇ ਰਾਗ ਹਨ—

ਸ੍ਰੀ, ਭੈਰਵ, ਮੇਘ, ਦੀਪਕ, ਮਾਲਕੌਸ ਤੇ ਹਿੰਡੋਲ।

ਭਰਤ ਮਤ ਅਨੁਸਾਰ ਇਨ੍ਹਾਂ ਦੀ ਤਰਤੀਬ ਇਹ ਹੈ :—

ਭੈਰਉ, ਮਾਲਕੌਸ, ਹਿੰਡੋਲ, ਦੀਪ, ਸ੍ਰੀ ਤੇ ਮੇਘ।

ਅਗੇ ਹਰ ਰਾਗ ਦੀਆਂ ਪੰਜ ਪੰਜ ਰਾਗਣੀਆਂ ਤੇ ਅੱਠ ਅੱਠ ਪੁੱਤਰ ਦੱਸੇ ਗਏ ਹਨ ਤੇ ਫਿਰ ਅੱਠ ਅੱਠ ਨੂੰਹਾਂ। ਇਸ ਤਰ੍ਹਾਂ ਕੁਲ ੧੩੨ ਰਾਗ ਬਣਦੇ ਹਨ। ਇਨ੍ਹਾਂ ਰਾਗਾਂ ਦੀ ਨਾਮਾਵਲੀ ਬਣਾਕੇ 'ਰਾਗਮਾਲਾ' ਗੁੰਦਣ ਦਾ ਰਿਵਾਜ ਵੀ ਬੜਾ ਪੁਰਾਣਾ ਹੈ। ੧੫੭੬ ਈ. ਦੀ ਲਿਖੀ ਹੋਈ ਪੁੰਡਰੀਕ ਵਿਠਲ ਕ੍ਰਿਤ ਇਕ ਰਾਗਮਾਲਾ ਮਿਲਦੀ ਹੈ, ਜਿਸਦੇ ੧੧੫ ਸਲੋਕਾਂ ਵਿਚ ਸਾਰੀ ਨਾਮਾਵਲੀ ਪ੍ਰੋਈ ਗਈ ਹੈ। ਇਸ ਤਰ੍ਹਾਂ ਦੀਆਂ ਦਰਜਨਾਂ 'ਰਾਗਮਾਲਾ' ਪ੍ਰਾਪਤ ਹਨ।[1] ਮਨੋਰਥ ਇਤਨਾ ਹੀ ਸੀ ਕਿ ਸੰਗੀਤ ਪ੍ਰੇਮੀ ਰਾਗਾਂ

ਦੇ ਨਾਮ ਸੌਖਿਆਂ ਯਾਦ ਕਰ ਸਕਣ । ਜੇਹਾ ਕਿ ਅਸੀਂ ਉਪਰ ਕਿਹਾ ਹੈ ਕਿ ਭਗਤੀ ਲਹਿਰ ਨੇ ਲੋਕ-ਜਾਗ੍ਰਤੀ ਲਿਆਂਦੀ । ਇਸ ਦਾ ਸਿਟਾ ਇਹ ਹੋਇਆ ਕਿ ਸੰਤ ਕਵੀਆਂ ਮਾਰਗੀ ਸੰਗੀਤ ਤੇ ਦੇਸੀ ਸੰਗੀਤ ਦੋਹਾਂ ਦਾ ਸੰਗਮ ਕਰ ਦਿੱਤਾ । ਇਸੇ ਮੇਲ ਜੋਲ ਤੋਂ ਹੀ ਸੂਰਦਾਸ ਤੇ ਮੀਰਾ ਦੇ 'ਭਜਨ', ਬੰਗਾਲ ਵਿਚ ਚੈਤੰਨ ਦੇਵ ਦੇ ਚੇਲਿਆਂ ਦਾ 'ਕੀਰਤਨ' ਤੇ ਸੂਫੀਆਂ ਵਿਚ ਕੱਵਾਲੀ ਤੇ 'ਕਾਫੀ' ਦਾ ਰਿਵਾਜ ਹੋਇਆ । ਗੁਰੂ ਨਾਨਕ ਦੇ ਸ਼ਰਧਾਲੂਆਂ ਵਿਚ ਕੀਰਤਨ ਦਾ ਜੋ ਮਹੱਤਵ ਬਣਿਆ, ਉਹ ਕਿਸੇ ਜਾਣਕਾਰੀ ਦਾ ਮੁਥਾਜ ਨਹੀਂ । ਸਾਡੀ ਇਸ ਵਿਚਾਰ ਦਾ ਭਾਵ ਇਹੋ ਹੈ ਕਿ ਗੁਰੂ ਸੰਤਾਂ ਦੀ ਮਿਹਰਬਾਨੀ ਨਾਲ ਮਾਰਗੀ ਤੇ ਦੇਸੀ ਸੰਗੀਤ ਦਾ ਮੇਲ ਹੋਣ ਕਾਰਣ ਸੰਗੀਤ ਸੰਸਾਰ ਵਿਚ 'ਕੀਰਤਨ' ਤੇ 'ਭਜਨ' ਜੇਹੀਆਂ ਮਨੋਹਰ ਸ਼ੈਲੀਆਂ ਦਾ ਪ੍ਰਕਾਸ਼ ਹੋਇਆ ਜਿਸ ਦਾ ਸਿਹਰਾ ਪੰਜਾਬ ਵਿਚ ਤਾਂ ਗੁਰੂ ਨਾਨਕ ਜੇਹੇ ਸੰਗੀਤੱਗ ਗੁਰੂ ਦੇ ਸਿਰ ਹੀ ਬੱਝਦਾ ਹੈ । ਵੈਸ਼ਣਵ ਸਾਧੂ ਗਵਈਏ ਸਨ ਤੇ ਭਜਨ ਮੰਡਲੀਆਂ ਬਣਾ ਕੇ ਗਾਇਨ ਕਰਦੇ ਸਨ, ਇਸੇ ਤਰ੍ਹਾਂ ਮੁਸਲਮਾਨ ਸੂਫੀ ਮਹਿਫਿਲਾਂ ਜਮਾ ਕੇ ਕੱਵਾਲੀਆਂ ਲਾਉਂਦੇ ਸਨ । ਗੁਰੂ ਨਾਨਕ ਨੇ ਸਿਖ ਸੰਗਤ ਨਾਂ ਹੇਠ ਜੋ ਸੰਗਠਨ ਤੋਰਿਆ ਉਨ੍ਹਾਂ ਦਾ ਮੁਖ ਮੰਤਵ, ਕੀਰਤਨ ਕਰਨਾ ਸੀ । ਇਸ ਵਿਚ ਲੋਕ-ਤਰਜ਼ਾਂ ਵੀ ਸ਼ਾਮਿਲ ਸਨ ਤੇ ਪੱਕਾ ਰਾਗ ਵੀ । ਗੁਰੂਆਂ ਇਸ ਦੀ ਖੁਦ ਸਿਖਲਾਈ ਦਿੱਤੀ, ਉਹ ਰਾਗ ਵਿਚ ਬਾਣੀ ਆਪ ਗਾਉਂਦੇ ਤੇ ਸਿਖਾਂ ਨੂੰ ਗਾਉਣ ਦੀ ਪ੍ਰੇਰਨਾ ਕਰਦੇ ਸਨ । ਸੋ ਸਿੱਖ ਗੁਰੂਆਂ ਲਈ ਸੰਗੀਤ ਕੇਵਲ ਮਨ ਦਾ ਮੌਜ ਮੇਲਾ ਨਹੀਂ ਸੀ, ਸਗੋਂ ਇਕ 'ਧਰਮ-ਕਰਮ' ਸੀ । ਇਹੋ ਕਾਰਣ ਹੈ ਕਿ ਇਸ ਦੈਵੀ ਸੰਗੀਤ ਨੇ ਜੀਵਨ ਉਤੇ ਡੂੰਘੇ ਤੇ ਉਤਮ ਪ੍ਰਭਾਵ ਪਾਏ । ਸੰਗੀਤ ਕਲਾ ਦੇ ਪੱਖ ਤੋਂ ਵੀ ਕਈ ਪਾਸਿਆਂ ਵਲ ਵਿਕਾਸ ਹੋਇਆ, ਗੁਰੂ ਨਾਨਕ ਤੋਂ ਬਾਦ ੧੨-੧੩ ਹੋਰ ਰਾਗਾਂ ਦੀ ਵਰਤੋਂ ਚਲੀ ਤੇ ਰਬਾਬ ਤੋਂ ਇਲਾਵਾ ਸਰੰਦਾ ਆਦਿ ਸਾਜ਼ ਪ੍ਰਚਲਤ ਹੋਏ, ਖਾਸ ਕਰਕੇ ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਸਿੱਖ ਗਵਈਆਂ ਦਾ ਵਿਸ਼ੇਸ਼ ਵਾਧਾ ਹੋਇਆ । ਇਹ ਗੱਲਾਂ ਦਸਦੀਆਂ ਹਨ ਕਿ ਗੁਰੂ ਨਾਨਕ ਸੰਗੀਤ-ਧਾਰਾ ਨੇ ਸਾਡੇ ਸਭਿਆਚਾਰਕ ਜੀਵਨ ਨੂੰ ਅੱਗੇ ਵਧਾਇਆ । ਜਿਥੇ ਸ਼ਾਹੀ ਦਰਬਾਰਾਂ ਦਾ ਸੰਗੀਤ ਲੋਕਾਂ ਨੂੰ ਵਿਸ਼ੇ ਵਿਕਾਰਾਂ ਵਲ ਲਾਉਂਦਾ ਸੀ, ਉਥੇ ਗੁਰੂਆਂ ਦਾ ਅੰਮ੍ਰਿਤ-ਸੰਗੀਤ ਉਚੇ ਵਿਚਾਰਾਂ ਵਲ ਲਿਜਾ ਕੇ ਮਨੋਹਰਤਾ ਪ੍ਰਦਾਨ ਕਰਦਾ ਸੀ । ਗੁਰੂ ਨਾਨਕ ਸਾਹਿਬ ਨੇ ਜਿਨ੍ਹਾਂ ਰਾਗਾਂ ਦੀ ਵਰਤੋਂ ਕੀਤੀ, ਉਹ ੧੯ ਰਾਗ ਇਹ ਹਨ :—

ਸਿਰੀ, ਮਾਝ, ਗਉੜੀ, ਆਸਾ, ਗੁਜਰੀ, ਵਡਹੰਸ, ਸੋਰਠਿ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ ਤੇ ਪ੍ਰਭਾਤੀ । ਕਈਆਂ ਬਿਹਾਗੜਾ ਵੀ ਗਿਣਿਆ ਹੈ, ਪਰ ਇਹ ਰਾਗ ਗੁਰੂ ਜੀ ਨੇ ਨਹੀਂ ਵਰਤਿਆ । ਉਨ੍ਹਾਂ ਦੇ ਦੋ ਸਲੋਕ ਗੁਰੂ ਰਾਮਦਾਸ ਰਚਿਤ ਬਿਹਾਗੜੇ ਦੀ ਵਾਰ ਵਿਚ ਗੁਰੂ ਅਰਜਨ ਸਾਹਿਬ ਨੇ ਸ਼ਾਮਲ ਕੀਤੇ ਸਨ । ਸਲੋਕ, ਰਾਗਾਂ ਤੋਂ ਬਾਹਰੀ ਚੀਜ਼ ਹੈ, ਇਨ੍ਹਾਂ ਨੂੰ ਯਥਾਯੋਗ ਲੋੜ ਅਨੁਸਾਰ ਵਾਰਾਂ ਵਿਚ ਪਿਛੋਂ ਪ੍ਰੋਇਆ ਗਿਆ ਸੀ ।

ਉਪਰੋਕਤ ਰਾਗਾਂ ਵਿਚ 'ਸਿਰੀ ਤੇ 'ਭੈਰਉ' ਮੁਖੀ ਰਾਗ ਹਨ ਤੇ ਕਈ ਰਾਗਣੀਆਂ ਵੀ ਹਨ ਪ੍ਰੰਤੂ ਆਦਿ ਗ੍ਰੰਥ ਵਿਚ ਸਭ ਨੂੰ ਰਾਗ ਲਿਖਿਆ ਹੈ ਸੋ ਇਨ੍ਹਾਂ ਨੂੰ ਰਾਗ ਕਹਿਣਾ ਹੀ ਠੀਕ ਹੈ। ਸਾਡੇ ਕੁਝ ਸੰਗੀਤ-ਖੋਜੀਆਂ ਇਨ੍ਹਾਂ ਨੂੰ ਰਾਗਣੀ ਕਰਕੇ ਲਿਖਿਆ ਹੈ, ਹੋ ਸਕਦਾ ਹੈ ਕਿ ਕਿਸੇ ਸਮੇ ਇਹ ਰਾਗਣੀਆ ਹੀ ਕਹਾਂਦੀਆਂ ਹੋਣ ਪਰ ਜਦ ਕਿਸੇ ਧੁਨ ਦੀ ਪੱਕੀ ਪ੍ਰਤਿਸ਼ਠਾ ਸਥਾਪਤ ਹੋ ਗਈ ਤਾਂ ਉਸ ਨੂੰ 'ਰਾਗ' ਕਿਹਾ ਜਾਣ ਲੱਗ ਪਿਆ। ਇਹ ਗੱਲ ਪੰਦਰਵੀਂ ਸੋਲ੍ਹਵੀਂ ਸਦੀ ਵਿਚ ਹੋ ਚੁਕੀ ਸੀ। ਭਗਤੀ ਲਹਿਰ ਸਮੇਂ ਇਹ ਸੰਗੀਤ-ਧੁਨਾਂ ਵਧੇਰੇ ਪ੍ਰਚਲਤ ਸਨ ਤੇ ਚੰਗੀਆਂ ਲੋਕ-ਪਿਆਰੀਆ ਹੋ ਗਈਆਂ ਸਨ, ਇਸ ਕਰਕੇ ਇਸ ਮਾਣ ਤੇ ਗੌਰਵ ਕਾਰਣ ਇਨ੍ਹਾਂ ਨੂੰ ਰਾਗ ਨਾਂ ਨਾਲ ਹੀ ਯਾਦ ਕੀਤਾ ਜਾਣ ਲੱਗਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਇਸੇ ਨਾਮ ਨਾਲ ਦਰਜ ਕੀਤਾ ਗਿਆ ਹੈ।

ਸੰਗੀਤ ਦੇ ਤਕਨੀਕੀ ਪਹਲੂ ਤੋਂ ਇਹ ਗੱਲ ਧਿਆਨ ਵਿਚ ਰੱਖਣ ਵਾਲੀ ਹੈ ਕਿ ਰਾਗ ਤਿੰਨ ਕਿਸਮ ਦੇ ਹਨ—ਸੰਪੂਰਣ, ਖਾੜਵ ਤੇ ਔੜਵ। ਜਿਸ ਨੂੰ ਸੱਤਾਂ ਲੱਗਣ ਉਹ 'ਖਾੜਵ' ਤੇ ਪੰਜ ਸੁਰਾਂ ਵਾਲਾ ਰਾਗ ਔੜਵ ਕਹਾਉਂਦਾ ਹੈ। ਅੱਗੋ ਸੁਰਾਂ ਚਾਰ ਕਿਸਮ ਦੀਆਂ ਹਨ :—

੧. **ਵਾਦੀ** :—ਰਾਗ ਵਿਚ ਜੋ ਸੁਰ ਸਭ ਤੋਂ ਵੱਧ ਲੱਗਦੀ।

**ਸੰਵਾਦੀ** :—ਪ੍ਰਧਾਨ ਸੁਰ ਦੀ ਸਹਾਇਕ ਸੁਰ ਜਿਵੇਂ ਰਾਜੇ ਦਾ ਮੰਤਰੀ।

੩. **ਅਨੁਵਾਦੀ** :—ਬਾਕੀ ਮੱਦਦ ਕਰਨ ਵਾਲੀਆਂ ਸੁਰਾਂ, ਜਿਵੇਂ ਸੇਵਾਦਾਰ।

**ਵਿਵਾਦੀ** :—ਜਿਸ ਸੁਰ ਲੱਗਣ ਨਾਲ ਰਾਗ ਦਾ ਸਰੂਪ ਵਿਗੜ ਜਾਵੇ ਜਿਵੇਂ ਸ਼ਤਰੂ।

ਜਿਸ ਤੋਂ ਰਾਗ ਸ਼ੁਰੂ ਹੁੰਦਾ ਹੈ, ਉਸ ਨੂੰ ਗ੍ਰਿਹ ਸੁਰ ਜਿਸ ਤੇ ਰਾਗ ਦਾ ਪਸਾਰ ਹੁੰਦਾ ਹੈ—ਉਹ 'ਅੰਸ਼ ਸੁਰ' ਤੇ ਜਿਸ ਉਤੇ ਰਾਗ ਦੀ ਸਮਾਪਤੀ ਕੀਤੀ ਜਾਂਦੀ ਹੈ, ਨਯਾਸ' ਸੁਰ ਅਖਵਾਉਂਦਾ ਹੈ। ਸੁਰਾਂ ਦੇ ਚੜ੍ਹਾ ਨੂੰ 'ਆਰੋਹੀ' ਤੇ ਉਤਰਾ ਨੂੰ 'ਅਵਰੋਹੀ' ਕਹਿੰਦੇ ਹਨ। ਵੈਸੇ ਸੁਰਾਂ ਸ਼ੁੱਧ, ਕੋਮਲ ਤੇ ਤੀਬਰ ਭੇਦ ਕਰਕੇ ਤਿੰਨ ਕਿਸਮ ਦੀਆਂ ਹੁੰਦੀਆਂ ਹਨ। ਸੱਤ ਸੁਰਾਂ ਸ਼ੁੱਧ ਹਨ, ਰੇ, ਗਾ, ਨੀ ਕੋਮਲ ਅਤੇ ਮਾ ਤੀਬਰ ਮੰਨੀ ਜਾਂਦੀ ਹੈ।

ਗੁਰੂ ਨਾਨਕ ਸਾਹਿਬ ਨੇ ਜੋ ੧੯ ਰਾਗ ਵਰਤੇ ਹਨ, ਉਨ੍ਹਾਂ ਦੀ ਸੰਖਿਪਤ ਜੇਹੀ ਜਾਣਕਾਰੀ ਹੇਠ ਦਿੱਤੀ ਜਾਂਦੀ ਹੈ।

੧. ਸਿਰੀ :—ਇਹ ਛੇ ਰਾਗਾਂ ਵਿਚ ਮੁਖ ਰਾਗ ਤੇ ਪੂਰਬੀ ਠਾਟ ਦਾ ਰਾਗ ਹੈ। ਰੇ ਵਾਦੀ ਤੇ ਪਾ ਸੰਵਾਦੀ ਹੈ। ਆਰੋਹ ਵਿਚ ਗਾ, ਧਾ ਮਨ੍ਹਾ ਹੈ। ਇਸ ਵਿਚ ਮਾ ਤੀਬਰ ਤੇ ਰੇ, ਧਾ ਕੋਮਲ ਲੱਗਦੇ ਹਨ, ਇਹ ਸੂਰਜ ਛਿਪਣ ਪਿਛੋਂ ਗਾਇਆ ਜਾਂਦਾ ਹੈ। ਇਸ ਨੂੰ ਚੂੰਕਿ ਆਰੋਹੀ ਵਿਚ ਪੰਜ ਤੇ ਅਵਰੋਹੀ ਵਿਚ ਸੱਤ ਸੁਰਾਂ ਲੱਗਦੀਆਂ ਹਨ, ਇਸ ਕਰਕੇ ਔੜਵ ਸੰਪੂਰਣ ਰਾਗ ਆਖਿਆ ਜਾਂਦਾ ਹੈ।

੨. ਮਾਝ :—ਇਹ ਸੰਪੂਰਣ ਹੈ ਵਾਦੀ ਸਾ ਤੇ ਸੰਵਾਦੀ ਰੇ ਹੈ। ਇਸ ਵਿਚ ਰੇ

ਮੱਧਮ, ਪਾ ਤੇ ਧਾ ਸ਼ੁੱਧ ਤੇ ਕੋਮਲ ਲੱਗਦੇ ਹਨ। ਦਿਨ ਦੇ ਚੌਥੇ ਪਹਰ ਗਾਇਆ ਜਾਂਦਾ ਹੈ। ਦਰਅਸਲ ਇਹ ਪੰਜਾਬ ਦਾ ਦੇਸੀ ਰਾਗ ਹੈ, ਇਸੇ ਕਰਕੇ ਇਸ ਦਾ ਪੁਰਾਣੇ ਸੰਗੀਤ ਗ੍ਰੰਥਾਂ ਵਿਚ ਜ਼ਿਕਰ ਨਹੀਂ ਮਿਲਦਾ ਤੇ ਨਾ ਹੀ ਕਿਸੇ ਭਗਤ ਦੀ ਉਚਾਰੀ ਮਿਲਦੀ ਹੈ। ਗੁਰੂ ਨਾਨਕ ਸਾਹਿਬ ਦੀ ਵੀ ਇਕੋ ਅਸ਼ਟਪਦੀ ਹੈ ਜਾਂ ਫਿਰ ਉਨ੍ਹਾਂ ਇਸ ਰਾਗ ਵਿਚ 'ਵਾਰ' ਲਿਖੀ ਹੈ।

੩. **ਗਉੜੀ** :—ਇਹ ਪੂਰਬੀ ਠਾਟ ਦਾ ਰਾਗ ਹੈ, ਰੇ ਵਾਦੀ ਤੇ ਪਾ ਸੰਵਾਦੀ ਹੈ, ਆਰੋਹੀ ਵਿਚ ਗਾ ਤੇ ਧਾ ਮਨ੍ਹਾ ਹੈ ਅਵਰੋਹੀ ਵਿਚ ਕੇਵਲ ਗਾ ਮਨ੍ਹਾ ਹੈ। ਰੇ ਤੇ ਧਾ ਕੋਮਲ, ਮਾ ਤੀਬਰ ਬਾਕੀ ਸੁਰ ਸ਼ੁੱਧ ਲੱਗਦੇ ਹਨ। ਇਹ ਸ੍ਰੀ ਰਾਗ ਵਰਗਾ ਹੀ ਹੈ, ਗਾਇਆ ਚੌਥੇ ਪਹਰ ਜਾਂਦਾ ਹੈ।

੪. **ਆਸਾ** :—ਸੰਪੂਰਨ ਰਾਗ ਹੈ, ਵਾਦੀ ਰੇ, ਸੰਵਾਦੀ ਮਾ ਹੈ, ਸਾਰੇ ਸ਼ੁੱਧ ਸੁਰ ਲੱਗਦੇ ਹਨ। ਇਹ ਪਹਿਲੇ ਪਹਰ ਤੜਕਸਾਰ ਗਾਇਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਇਸ ਵਿਚ ਇਕ ਵਾਰ ਵੀ ਰਚੀ ਹੈ।

੫. **ਗੂਜਰੀ** : ਟੋਡੀ ਠਾਟ ਦਾ ਖਾੜਵ ਰਾਗ ਹੈ, ਧਾ ਵਾਦੀ ਤੇ ਰੇ ਸੰਵਾਦੀ ਹੈ। ਪਾ ਮਨ੍ਹਾ ਹੈ। ਰੇ, ਗਾ, ਧਾ ਕੋਮਲ, ਮਾ ਤੀਬਰ, ਨੀ ਸ਼ੁੱਧ ਹੈ। ਦਿਨ ਦੇ ਪਹਿਲੇ ਪਹਰ ਗਾਇਆ ਜਾਂਦਾ ਹੈ।

੬. **ਵਡਹੰਸ** :—ਖਮਾਚ ਠਾਟ ਦਾ ਸੰਪੂਰਣ ਰਾਗ ਹੈ। ਪਾ ਵਾਦੀ ਤੇ ਰੇ ਸੰਵਾਦੀ ਹੈ। ਦੋਵੇਂ ਨੀ ਤੇ ਬਾਕੀ ਸ਼ੁੱਧ ਸੁਰ ਹਨ। ਦੁਪਹਿਰ ਸਮੇਂ ਗਾਇਆ ਜਾਂਦਾ ਹੈ। ਰਾਤ ਦੇ ਦੂਜੇ ਪਹਿਰ ਵੀ ਗਾਇਆ ਜਾਂਦਾ ਹੈ।

੭. **ਸੋਰਠਿ** :—ਇਹ ਖਮਾਚ ਠਾਟ ਦਾ ਰਾਗ ਹੈ, ਔੜਵ ਸੰਪੂਰਣ ਰੇ ਵਾਦੀ ਤੇ ਧਾ ਸੰਵਾਦੀ ਹੈ। ਆਰੋਹੀ ਵਿਚ ਪੰਜ ਤੇ ਅਵਰੋਹੀ ਵਿਚ ਸੱਤ ਸੁਰ ਲਗਦੇ ਹਨ। ਆਰੋਹੀ ਵਿਚ ਧਾ, ਗਾ ਮਨ੍ਹਾ ਹੈ ਰਾਤ ਦੇ ਦੂਜੇ ਪਹਿਰ ਗਾਇਆ ਜਾਂਦਾ ਹੈ।

੮. **ਧਨਾਸਰੀ** :—ਕਾਫੀ ਨਾਟ ਦਾ ਸੰਪੂਰਣ ਰਾਗ ਹੈ। ਪਾ ਵਾਦੀ ਤੇ ਸਾ ਸੰਵਾਦੀ ਹੈ। ਇਸ ਦੇ ਸਾਰੇ ਸੁਰ ਕੋਮਲ, ਆਰੋਹੀ ਵਿਚ ਰੇ ਧਾ ਮਨ੍ਹਾਂ ਦਿਨ ਦੇ ਤੀਜੇ ਪਹਰ ਸ਼ਾਮ ੩ ਤੋਂ ੬ ਵਜੇ ਤਕ ਗਾਇਆ ਜਾਂਦਾ ਹੈ।

੯. **ਤਿਲੰਗ** :—ਖਮਾਚ ਠਾਟ ਦਾ ਔੜਵ ਰਾਗ ਹੈ, ਵਾਦੀ ਗ ਤੇ ਸੰਵਾਦੀ ਨਹੀਂ ਹੈ, ਆਰੋਹੀ ਅਵਰੋਹੀ ਵਿਚ ਰੇ ਤੇ ਧਾ ਮਨ੍ਹਾਂ ਹੈ। ਰਾਤ ਦੇ ਦੂਜੇ ਪਹਿਰ ਗਾਇਆ ਜਾਂਦਾ ਹੈ, ਦਿਨ ਦੇ ਤੀਜੇ ਪਹਿਰ ਵੀ।

੧੦. **ਸੂਹੀ** :—ਕਾਫੀ ਠਾਟ ਦਾ ਖਾੜਵ ਰਾਗ ਹੈ। ਵਾਦੀ ਮਾ ਤੇ ਸੰਵਾਦੀ ਸਾ ਹੈ। ਆਰੋਹੀ ਅਵਰੋਹੀ ਦੋਹਾਂ ਵਿਚ ਧਾ ਮਨ੍ਹਾ ਹੈ। ਗਾ ਤੇ ਨੀ ਕੋਮਲ ਅਤੇ ਬਾਕੀ ਸੁਧ ਸੁਰ ਲਗਦੇ ਹਨ। ਦਿਨ ਚੜ੍ਹਨ ਤੋਂ ਪਿਛੋਂ ਤੇ ਦੁਪਹਿਰ ਤੋਂ ਪਹਿਲਾਂ ਗਾਇਆ ਜਾਂਦਾ ਹੈ।

੧੧. ਬਿਲਾਵਲ :—ਇਹ ਸੰਪੂਰਣ ਰਾਗ ਹੈ। ਵਾਦੀ ਸਾ ਤੇ ਸੰਵਾਦੀ ਪਾ ਹੈ; ਸਾਰੇ ਸ਼ੁੱਧ ਸੁਰ ਲਗਦੇ ਹਨ। ਦਿਨ ਦੇ ਦੂਜੇ ਪਹਿਰ ਦੇ ਸ਼ੁਰੂ ਨਾਲ ਗਾਇਆ ਜਾਂਦਾ ਹੈ ਅਰਥਾਤ ਸਵੇਰੇ ੭ ਤੋਂ ੧੦ ਵਜੇ ਤਕ।

੧੨. ਰਾਮਕਲੀ :—ਭੈਰਵ ਠਾਟ ਦਾ ਰਾਗ ਹੈ। ਧਾ ਵਾਦੀ ਤੇ ਰੇ ਸੰਵਾਦੀ ਹੈ। ਆਰੋਹੀ ਵਿਚ ਮਾ ਤੇ ਨੀ ਮਨ੍ਹਾ ਹਨ। ਰੇ ਅਤੇ ਧਾ ਕੋਮਲ ਤੇ ਬਾਕੀ ਸ਼ੁੱਧ ਸੁਰ ਹਨ। ਸੂਰਜ ਨਿਕਲਣ ਸਾਰ ਗਾਇਆ ਜਾਂਦਾ ਹੈ। ਜੋਗੀਆਂ ਸਿਧਾਂ ਬਾਰੇ ਵਧੇਰੇ ਸ਼ਬਦ ਇਸੇ ਰਾਗ ਵਿਚ ਹਨ ਸਿਧ ਗੋਸਟਿ ਵੀ ਰਾਮਕਲੀ ਵਿਚ ਹੈ। ਜੋਗੀਆਂ ਨੇ ਵੀ ਇਸ ਰਾਗ ਦੀ ਕਾਫੀ ਵਰਤੋਂ ਕੀਤੀ ਹੈ।

੧੩. ਮਾਰੂ :—ਖਾੜਵ ਰਾਗ ਹੈ, ਗਾ ਵਾਦੀ ਤੇ ਧਾ ਸੰਵਾਦੀ ਹੈ, ਪਾ ਮਨ੍ਹਾ ਹੈ। ਇਸ ਨੂੰ ਸਾ, ਗਾ, ਧਾ, ਤੇ ਨੀ ਸੁੱਧ ਰੇ ਕੋਮਲ ਤੇ ਮਾ ਤੀਬਰ ਲਗਦਾ ਹੈ। ਦਿਨ ਦੇ ਤੀਜੇ ਪਹਿਰ ਗਾਇਆ ਜਾਂਦਾ ਹੈ।

੧੪. ਤੁਖ਼ਾਰੀ :—ਸੰਪੂਰਣ ਰਾਗ ਹੈ। ਵਾਦੀ ਰੇ, ਸੰਵਾਦੀ ਪਾ ਹੈ। ਦੋਵੇਂ ਗਾ ਤੇ ਦੋਵੇਂ ਮਾ ਲਗਦੇ ਹਨ ਇਹ ਦਿਨ ਚੜ੍ਹੇ ਗਾਇਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਦਾ 'ਬਾਰਾਂ ਮਾਹ' ਇਸੇ ਵਿਚ ਹੈ।

੧੫. ਭੈਰਉ :—ਸੰਪੂਰਣ ਰਾਗ ਹੈ। ਵਾਦੀ ਧਾ, ਸੰਵ[illegible] ਰੇ ਹੈ। ਇਹ ਛੇ ਮੁਖ ਰਾਗਾਂ ਵਿਚੋਂ ਹੈ, ਦਿਨ ਦੇ ਪਹਿਲੇ ਪਹਰ ਗਾਇਆ ਜਾਂਦਾ ਹੈ.

੧੬. ਬਸੰਤ :—ਪੂਰਬੀ ਠਾਟ ਦਾ ਸੰਪੂਰਣ ਰਾਗ ਹੈ। ਸਾ ਵਾਦੀ ਤੇ ਪਾ ਸੰਵਾਦੀ ਹੈ। ਦੋਵੇਂ ਮਾ, ਸਾ, ਗਾ, ਮਾ, ਪਾ, ਧਾ ਨੀ ਸ਼ੁੱਧ ਲਗਦੇ ਹਨ। ਇਹ ਬਸੰਤ ਰੁੱਤ ਦਾ ਰਾਗ ਹੈ, ਰਾਤ ਵੇਲੇ ਗਾਉਂਦੇ ਹਨ।

੧੭. ਸਾਰੰਗ :—ਕਾਫੀ ਠਾਟ ਦਾ ਰਾਗ ਹੈ, ਵਾਦੀ ਰੇ ਤੇ ਸੰਵਾਦੀ ਪਾ ਹੈ। ਨੀ ਸ਼ੁੱਧ ਤੇ ਕੋਮਲ ਦੋਵੇਂ, ਬਾਕੀ ਕੇਵਲ ਸ਼ੁੱਧ ਲਗਦੇ ਹਨ। ਦੁਪਹਿਰ ਸਮੇਂ ਗਾਈਦਾ ਹੈ।

੧੮. ਮਲ੍ਹਾਰ :—ਖਮਾਚ ਠਾਟ ਦਾ ਰਾਗ ਹੈ, ਵਾਦੀ ਮਾ, ਸੰਵਾਦੀ ਸਾ ਹੈ। ਗਾ ਤੇ ਨੀ ਮਨ੍ਹਾ ਹਨ, ਸਾ, ਰੇ, ਮਾ, ਪਾ, ਧਾ, ਸ਼ੁੱਧ ਲਗਦੇ ਹਨ। ਗੁਰੂ ਸਾਹਿਬ ਨੇ ਇਸ ਵਿਚ ਵਾਰ ਵੀ ਲਿਖੀ ਹੈ। ਇਹ ਬਰਸਾਤ ਰੁੱਤ ਦਾ ਰਾਗ ਹੈ, ਰਾਤ ਵੇਲੇ ਗਾਉਂਦੇ ਹਨ।

ਪ੍ਰਭਾਤੀ :—ਭੈਰਵ ਠਾਟ ਦਾ ਸੰਪੂਰਣ ਰਾਗ ਹੈ, ਮਾ ਵਾਦੀ ਤੇ ਸਾ ਸੰਵਾਦੀ ਹੈ। ਸਾ, ਗਾ, ਮਾ, ਪਾ, ਨੀ ਸ਼ੁੱਧ ਲਗਦੇ ਹਨ। ਤੜਕਸਾਰ ਪ੍ਰਭਾਤੇ ਗਾਇਆ ਜਾਂਦਾ ਹੈ!

ਹੋ ਸਕਦਾ ਹੈ, ਉਪਰੋਕਤ ਰਾਗਾਂ ਦਾ ਜੋ ਸਰੂਪ ਹੁਣ ਦਸਿਆ ਜਾਂਦਾ ਹੈ, ਉਹ ਇੰਨ ਬਿੰਨ ਗੁਰੂ ਸਾਹਿਬਾਨ ਦੇ ਸਮੇਂ ਨ ਹੋਵੇ। ਮਾਮੂਲੀ ਫਰਕ ਪੈਣਾ ਸਾਧਾਰਣ ਜੇਹੀ ਗੱਲ ਹੈ। ●

# ਕੀਰਤਨ ਕਲਾ ਦੀ ਸਾਂਭ–ਇਕ ਪ੍ਰਤੀਕਰਮ

—ਹਰਚਰਨ ਸਿੰਘ, 173, ਪਾਰਕ ਸਟਰੀਟ, ਕਲਕੱਤਾ

ਸਤੰਬਰ 1991 ਦੇ ਅੰਕ ਵਿਚ ਸ: ਹਰਜਾਪ ਸਿੰਘ ਅਮਰੀਕਾ ਦਾ ਲੇਖ 'ਕੀਰਤਨ ਕਲਾ ਦੀ ਸਾਂਭ' ਪੜ੍ਹਕੇ ਬਹੁਤ ਪ੍ਰਸੰਨਤਾ ਹੋਈ। ਉਨ੍ਹਾਂ ਸਬੰਧੀ ਕੁਝ ਸਮਾਂ ਪਹਿਲਾਂ ਸੁਣਨ ਵਿਚ ਆਇਆ ਸੀ ਕਿ ਉਹ ਪਰੰਪਰਾਗਤ ਕੀਰਤਨ ਦੇ ਚੰਗੇ ਕਦਰਦਾਨ ਅਤੇ ਸੂਝ ਰੱਖਣ ਵਾਲੇ ਵਿਅਕਤੀ ਹਨ ਅਤੇ ਭਾਰਤ ਤੋਂ ਅਮਰੀਕਾ ਗਏ ਉੱਚ ਕੋਟੀ ਦੇ ਰਾਗੀ ਜਥਿਆਂ ਦੀ ਤਨੋਂ ਮਨੋਂ ਸੇਵਾ ਹਿਤ ਤੱਤਪਰ ਰਹਿੰਦੇ ਹਨ। ਉਨ੍ਹਾਂ ਦਾ ਹੱਥਲਾ ਲੇਖ ਹਰ ਸੂਝਵਾਨ ਕੀਰਤਨ ਪ੍ਰੇਮੀ ਦੀਆਂ ਭਾਵਨਾਵਾਂ ਦੀ ਸਮੁੱਚੇ ਤੌਰ ਤੇ ਪ੍ਰਤਿਨਿਧਤਾ ਕਰਦਾ ਹੈ।

ਉਨ੍ਹਾਂ ਨੇ ਆਪਣੇ ਲੇਖ ਵਿਚ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਹਰੀ ਸਿੰਘ ਜੀ, ਭਾਈ ਬਖਸ਼ੀਸ਼ ਸਿੰਘ ਜੀ ਅਤੇ ਭਾਈ ਬਲਬੀਰ ਸਿੰਘ ਜੀ ਦੁਆਰਾ ਗੁਰ ਦਰਬਾਰਾਂ ਦੀਆਂ ਮੂਲ ਰੀਤਾਂ ਵਿਚ ਕੀਰਤਨ ਕਰਨ ਦਾ ਜ਼ਿਕਰ ਕੀਤਾ ਹੈ, ਇਨ੍ਹਾਂ ਵਿਚੋਂ ਭਾਈ ਹਰੀ ਸਿੰਘ ਜੀ ਭਾਵੇਂ ਸੇਵਾ ਮੁਕਤ ਹੋ ਚੁੱਕੇ ਹਨ, ਪਰ ਸ਼੍ਰੋਮਣੀ ਕਮੇਟੀ ਦੀ ਪ੍ਰਵਾਨਗੀ ਹੇਠ ਅਜੇ ਵੀ ਸ੍ਰੀ ਦਰਬਾਰ ਸਾਹਿਬ ਵਿਖੇ ਸੇਵਾ ਨਿਭਾ ਰਹੇ ਹਨ। ਭਾਈ ਬਲਵੀਰ ਸਿੰਘ ਜੀ ਵੀ ਪੂਰੇ ਜੋਬਨ ਵਿਚ ਕੀਰਤਨ ਦੀ ਸੇਵਾ ਨਿਵਾਈ ਚਲੇ ਆ ਰਹੇ ਹਨ। ਸੋ ਇਨ੍ਹਾਂ ਦੋਨਾਂ ਜਥਿਆਂ ਦੀਆਂ ਦੁਰਲੱਭ ਰੀਤਾਂ ਦੀ ਰਿਕਾਰਡਿੰਗ ਕਰਨ ਵਿਚ ਕਿਸੇ ਕਿਸਮ ਦੀ ਢਿੱਲ ਨਹੀਂ ਕਰਨੀ ਚਾਹੀਦੀ। ਭਾਈ ਬਖਸ਼ੀਸ਼ ਸਿੰਘ ਜੀ, ਭਾਈ ਤਖਤ ਸਿੰਘ ਜੀ ਅਤੇ ਭਾਈ ਸ਼ਮਸ਼ੇਰ ਸਿੰਘ ਜੀ ਜ਼ਖਮੀ ਦੇ ਸਦੀਵੀ ਵਿਛੋੜੇ ਨਾਲ ਕੌਮ ਨੂੰ ਬੜਾ ਭਾਰੀ ਘਾਟਾ ਪਿਆ ਹੈ, ਭਾਈ ਚਤਰ ਸਿੰਘ ਜੀ, ਭਾਈ ਅੰਗਦ ਸਿੰਘ ਜੀ ਅਤੇ ਭਾਈ ਸਰਬਜੀਤ ਸਿੰਘ ਜੀ ਰੰਗੀਲਾ (ਦੁਰਗ ਵਾਲੇ) ਕੀਰਤਨ ਕਲਾ ਦੇ ਅੰਤਾਂ ਦੇ ਧਨੀ ਹਨ। ਇਨ੍ਹਾਂ ਜਥਿਆਂ ਦੀਆਂ ਰੀਤਾਂ ਨੂੰ ਸੰਭਾਲਣ ਦਾ ਉਪਰਾਲਾ ਅਤਿ ਆਵਸ਼ਕ ਹੈ।

ਸ: ਹਰਜਾਪ ਸਿੰਘ ਜੀ ਨੇ ਆਪਣੇ ਲੇਖ ਵਿਚ ਠੀਕ ਲਿਖਿਆ ਹੈ ਕਿ ਇਨ੍ਹਾਂ ਜਥਿਆਂ ਦੀ ਕਲਾ ਦੀ ਸਾਂਭ ਦਾ ਕਾਰਜ ਇਕੱਲੇ ਆਦਮੀ ਦੇ ਵਸ ਦਾ ਕੰਮ ਨਹੀਂ। ਇਹ ਤਾਂ ਸ਼੍ਰੋਮਣੀ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰੂ ਨਾਨਕ ਜਾਂ ਗੁਰੂ ਗੋਬਿੰਦ ਸਿੰਘ ਫਾਉਂਡੇਸ਼ਨ ਅਤੇ ਪੰਜਾਬੀ ਯੂਨੀਵਰਸਿਟੀ ਜਿਹੀਆਂ ਸੰਸਥਾਵਾਂ ਹੀ ਕਰ ਸਕਦੀਆਂ ਹਨ। ਲੋੜ ਤਾਂ ਇਹ ਹੈ ਕਿ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਵਿਖੇ ਕੁਝ ਚੋਟੀ ਦੇ ਸਿੱਖ ਸੰਗੀਤ ਵਿਦਵਾਨਾਂ ਦੀ ਅਗਵਾਈ ਹੇਠ ਸਿੱਖ ਰੈਫਰੈਂਸ ਲਾਇਬਰੇਰੀ ਦੀਆਂ ਲੀਹਾਂ ਤੇ ਕੀਰਤਨ ਲਾਇਬਰੇਰੀ ਦੀ ਸਥਾਪਨਾ ਕਰੇ ਜਿਸ ਵਿਚ ਚੋਟੀ ਦੇ ਰਾਗੀ ਜਥਿਆਂ ਦੀਆਂ ਉਚੇਚੇ ਤੌਰ ਤੇ ਰਿਕਾਰਡ ਕਰਕੇ ਆਡੀਓ ਅਤੇ ਵੀਡਿਓ ਕੈਸਟਾਂ ਸੰਭਾਲ ਕੇ ਰੱਖੀਆਂ ਜਾਣ ਅਤੇ ਕੀਰਤਨ ਪ੍ਰੇਮੀਆਂ ਨੂੰ ਮੁਹੱਈਆ ਕੀਤੀਆਂ ਜਾਣ। ਨਾਲ ਹੀ ਇਕ

# ਕੀਰਤਨੀਏ ਸਿੰਘਾਂ ਤੇ ਸ੍ਰੋਤਿਆਂ ਲਈ ਜ਼ਰੂਰੀ ਹਦਾਇਤਾਂ

(1) ਕੀਰਤਨ ਗੁਰੂ-ਪ੍ਰਮੇਸ਼ਰ ਦਾ ਜਸ ਗਾਇਨ ਕਰਨਾ ਹੈ। ਇਸ ਲਈ ਕੀਰਤਨ ਅਸਥਾਨ ਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਹੋਣਾ ਜ਼ਰੂਰੀ ਹੈ। ਕੀਰਤਨ ਕਰਨ ਵਾਲੇ ਸਿੰਘਾਂ ਨੂੰ ਗੁਰੂ ਮਹਾਰਾਜ ਦੇ ਸੱਜੇ ਪਾਸੇ ਅਤੇ ਬਾਕੀ ਸੰਗਤਾਂ ਨੂੰ ਸਤਿਗੁਰੂ ਜੀ ਦੇ ਖੱਬੇ ਪਾਸੇ ਬਹਿਣਾ ਚਾਹੀਦਾ ਹੈ। ਇਹ ਸ੍ਰੀ ਹਰਿਮੰਦਰ ਸਾਹਿਬ ਵਿਚ ਚਲੀ ਆ ਰਹੀ ਪੁਰਾਤਨ ਗੁਰਮਤਿ ਮਰਯਾਦਾ ਹੈ।

(2) ਕੀਰਤਨ ਕਰਨ ਵਾਲਿਆਂ ਅਤੇ ਸਰੋਤਿਆਂ ਨੂੰ ਗੁਰੂ ਦਰਬਾਰ ਵਿਚ ਚੌਂਕੜਾ ਮਾਰ ਕੇ ਬੈਠਣਾ ਚਾਹੀਦਾ ਹੈ ਜੋ ਕਿ ਗੁਰਮਤਿ ਅਨਕੂਲ ਹੈ।

(3) ਸਤਿਗੁਰੂ ਸਚੇ ਪਾਤਸ਼ਾਹ ਜੀ ਦੀ ਅੰਮ੍ਰਿਤਮਈ ਬਾਣੀ ਤੋਂ ਬਿਨਾਂ ਹੋਰ ਕਿਸੇ ਕੱਚੀ ਬਾਣੀ ਦਾ ਕੀਰਤਨ ਕਰਨਾ ਵਰਜਿਤ ਹੈ। ਖਾਲਸਾ ਪੰਥ ਨੇ ਗੁਰੂ-ਦਰਬਾਰ ਵਿਚ ਕੇਵਲ ਹੇਠ ਲਿਖੀਆਂ ਬਾਣੀਆਂ ਵਿਚੋਂ ਹੀ ਕੀਰਤਨ ਕਰਨ ਦੀ ਪ੍ਰਵਾਨਗੀ ਦਿਤੀ ਹੋਈ ਹੈ—

ੳ) ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪਵਿਤਰ ਬਾਣੀ,

ਅ) ਦਸਮ ਗਰੰਥ ਵਿਚੋਂ ਕੇਵਲ ਸ੍ਰੀ ਮੁਖ ਵਾਕ ਪਾਤਸ਼ਾਹੀ ਦਸਵੀਂ ਦੀ ਬਾਣੀ,

ੲ) ਵਾਰਾਂ, ਸਵੱਯੈ ਤੇ ਕਬਿੱਤ ਰਚਿਤ ਭਾ: ਗੁਰਦਾਸ ਜੀ,

ਸ) ਭਾ: ਨੰਦ ਲਾਲ ਸਿੰਘ ਜੀ ਗੋਯਾ ਦੀ ਰਚਨਾ, ਜ਼ਿੰਦਗੀਨਾਮਾ, ਤੌਸੀਫੇ ਸਨਾਹ, ਗਜ਼ਲਾਂ ਆਦਿ।

(4) ਸ੍ਰੀ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਵਾਰਾਂ ਤੇ ਗਾਇਨ ਕਰਨ ਦੀਆਂ ਧੁਨੀਆਂ ਦਰਜ ਹਨ। ਕਈ ਸ਼ਬਦਾਂ ਤੇ ਸਿਰਲੇਖਾਂ ਵਜੋਂ 'ਏਕ ਸੁਆਨ ਕੇ ਘਰ ਗਾਵਣਾ' ਆਦਿ ਗਾਉਣ ਦੀਆਂ ਸੂਚਨਾਵਾਂ ਵੀ ਦਿਤੀਆਂ ਹੋਈਆਂ ਹਨ ਪਰ ਇਨ੍ਹਾਂ ਦੀ ਪੂਰੀ ਜਾਣਕਾਰੀ ਕਿਸੇ ਨੂੰ ਨਹੀਂ। ਜੇ ਮੁੱਖੀ ਕੀਰਤਨੀਏ ਇਸ ਦੀ ਖੋਜ ਕਰਨ ਤਾਂ ਪੁਰਾਤਨ ਰੀਤਾਂ ਪ੍ਰਚਲਤ ਕਰਨ ਵਿਚ ਸਫਲਤਾ ਹੋਣੀ ਕੋਈ ਵੱਡੀ ਗੱਲ ਨਹੀਂ। ਜਿਤਨਾ ਕੁ ਕਿਸੇ ਨੂੰ ਗਿਆਨ ਹੈ, ਉਸ ਨੂੰ ਵਿਚਾਰਨਾ ਰਾਗੀ ਸਿੰਘਾਂ ਦਾ ਫਰਜ਼ ਬਣਦਾ ਹੈ।

(5) ਅੰਮ੍ਰਿਤ ਸਿੰਚਾਰ ਸਮੇਂ ਸਿੱਖੀ ਰਹਿਤ ਦੱਸਣ ਵੇਲੇ ਰਹਿਤਨਾਮਿਆ ਦਾ ਵਰਨਣ ਕੀਤਾ ਜਾਂਦਾ ਹੈ ਪਰ ਕੀਰਤਨ ਵਿਚ ਰਹਿਤਨਾਮਿਆਂ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ। ਰਹਿਤਨਾਮਿਆਂ ਦੀ ਬਾਣੀ ਦਾ ਕੀਰਤਨ ਕਰਨ ਲਈ

ਸ੍ਰੀ ਅਕਾਲ ਤਖਤ ਸਾਹਿਬ ਤੋਂ ਅਜੇ ਤਕ ਕੋਈ ਅਜਿਹਾ ਹੁਕਮਨਾਮਾ ਜਾਰੀ ਨਹੀਂ ਹੋਇਆ। ਅਸਲ ਵਿਚ ਰਹਿਤਨਾਮਿਆਂ ਵਿਚ ਕਈ ਗੱਲਾਂ ਗੁਰਮਤਿ ਦੇ ਪ੍ਰਤੀਕੂਲ ਹਨ ਜਿਨ੍ਹਾਂ ਦੀ ਸੁਧਾਈ ਕਰਨ ਮਗਰੋਂ ਇਨ੍ਹਾਂ ਨੂੰ ਵੀ ਬਾਕੀ ਸਿਖਾਂ ਦੀ ਰਚਨਾ ਵਾਂਗ ਕੀਰਤਨ ਦਾ ਇਕ ਅੰਗ ਮੰਨਣ ਦੀ ਪ੍ਰਵਾਨਗੀ ਹੋਣੀ ਚਾਹੀਦੀ ਹੈ ਕਿਉਂਕਿ ਅੰਮ੍ਰਿਤ ਦੀ ਪ੍ਰੇਰਨਾ ਲਈ ਰਹਿਤਨਾਮੇ ਬੜੇ ਸਹਾਇਕ ਹਨ ਅਤੇ ਸਿੱਖ ਇਤਿਹਾਸ ਦਾ ਅਮੋਲਕ ਭਾਗ ਹਨ। ਫਿਰ ਵੀ ਜਦੋਂ ਤਕ ਇਸ ਬਾਰੇ ਪੰਥਕ ਪਰਵਾਨਗੀ ਨਹੀਂ ਹੁੰਦੀ, ਕੀਰਤਨੀ ਸਿੰਘਾਂ ਨੂੰ ਕੀਰਤਨ ਵਿਚ ਰਹਿਤਨਾਮਿਆਂ ਦੀ ਬਾਣੀ ਵਰਤਨ ਤੋਂ ਸੰਕੋਚ ਕਰਨਾ ਚਾਹੀਦਾ ਹੈ।

(6) ਕਈ ਸੱਜਣ ਭਾਈ ਵੀਰ ਸਿੰਘ ਜੀ ਰਚਿਤ ਕਵਿਤਾਵਾਂ ਆਦਿ ਦਾ ਕੀਰਤਨ ਕਰਦੇ ਸੁਣੀਂਦੇ ਹਨ ਜੋ ਕਿ ਮਨਮਤਿ ਹੈ। ਕਿਸੇ ਵਿਦਵਾਨ ਦੀ ਕਿਤਨੀ ਹੀ ਅਮੋਲਕ ਕਵਿਤਾ ਗੁਰਮਤਿ ਅਨੁਕੂਲ ਹੀ ਕਿਉਂ ਨਾ ਹੋਵੇ, ਖਾਲਸਾ ਪੰਥ ਦੀ ਪ੍ਰਵਾਨਗੀ ਤੋਂ ਬਿਨਾਂ ਉਹ ਕੀਰਤਨ ਦਾ ਹਿੱਸਾ ਨਹੀਂ ਬਣ ਸਕਦੀ। ਕੀਰਤਨ ਲਈ ਪਿਉ ਦਾਦੇ ਦਾ ਐਨਾਂ ਵਡਾ ਖਜ਼ਾਨਾ ਮੌਜੂਦ ਹੈ, ਇਸ ਦੀ ਹੋਂਦ ਵਿਚ ਕਿਸੇ ਹੋਰ ਰਚਨਾ ਦਾ ਕੀਰਤਨ ਕਰਨਾ ਗੁਰਸਿਖ ਨੂੰ ਸ਼ੋਭਾ ਨਹੀਂ ਦਿੰਦਾ। ਅਜ-ਕਲ ਕਈ ਗੁਰਦਵਾਰਿਆਂ ਵਿਖੇ ਤੂੰਬੀ ਵਜਾ ਕੇ ਕੱਚੀ ਬਾਣੀ ਅਰਥਾਤ ਗੀਤ ਆਦਿ ਪੜ੍ਹੇ ਜਾਂਦੇ ਹਨ। ਇਸ ਨੂੰ ਕੀਰਤਨ ਕਹਿਣਾ ਮਹਾਂ ਮਨਮਤਿ ਹੈ।

(7) ਗੁਰੂ ਦੇ ਪਿਆਰ ਸਤਿਕਾਰ ਅਤੇ ਸਿੱਖੀ ਰਹਿਤ ਵਿਚ ਪ੍ਰਪੱਕ ਗੁਰਸਿੱਖ ਕੀਰਤਨੀਆਂ ਨੂੰ 'ਕੀਰਤਨ ਭੰਡਾਰਾ' ਵਰਤਾਉਣ ਦੀ ਉਤਮ ਸੇਵਾ ਕਰਨੀ ਚਾਹੀਦੀ ਹੈ! ਗੁਰਸਿੱਖਾਂ ਅੰਦਰ ਸਤਿਗੁਰੂ ਜੀ ਆਪ ਵਰਤਦੇ ਹਨ, ਇਸ ਲਈ ਗੁਰਸਿੱਖਾਂ ਦੀ ਰਸਨਾ ਤੋਂ ਗੁਰਬਾਣੀ ਦਾ ਅੰਮ੍ਰਿਤ ਕੀਰਤਨ ਕਈ ਕੁਮਲਾਈਆਂ ਅਤੇ ਸੁੱਕੀਆਂ ਆਤਮਾਵਾਂ ਨੂੰ ਹਰਾ ਕਰ ਦਿੰਦਾ ਹੈ। ਪਤਿਤ ਸਿੱਖਾਂ ਤੇ ਅਨਮਤੀਆਂ ਨੂੰ ਇਸ ਸੇਵਾ ਲਈ ਨਿਯੁਕਤ ਨਹੀਂ ਕਰਨਾ ਚਾਹੀਦਾ।

8) ਕੀਰਤਨ ਦਾ ਆਰੰਭ ਮੰਗਲ ਰੂਪ ਸਲੋਕ 'ਡੰਡਉਤ ਬੰਦਨ ਅਨਿਕ ਬਾਰ, ਸਰਬ ਕਲਾ ਸਮਰਥ॥ ਡੋਲਨ ਤੇ ਰਾਖਹੁ ਪ੍ਰਭੂ, ਨਾਨਕ ਦੇ ਕਰਿ ਹਥ॥' ਨਾਲ ਕਰਨਾ ਚਾਹੀਦਾ ਹੈ। ਬਾਕੀ ਗੁਰਬਾਣੀ ਵਿਚੋਂ ਕਿਸੇ ਸਲੋਕ ਜਾਂ ਸ਼ਬਦ ਨਾਲ ਕੀਰਤਨ ਕਰਨ ਦੀ ਕੋਈ ਮਨਾਹੀ ਨਹੀਂ ਪਰ ਪੁਰਾਤਨ ਰਹੁਰੀਤੀ ਇਹੋ ਚਲੀ ਆ ਰਹੀ ਹੈ। ਇਸ ਸਲੋਕ ਵਿਚ ਜੋ ਬੇਨਤੀ ਹੈ ਉਹ ਵੀ ਬਹੁਤ ਢੁਕਵੀਂ ਹੈ। ਰਾਗੀ ਸਿੰਘ ਦਾ ਮਨ ਕਿਤੇ ਰਾਗ ਰੰਗ ਵਿਚ ਪੈ ਕੇ ਡੋਲ ਨਾ ਜਾਵੇ, ਇਸ ਲਈ ਆਰੰਭ ਵਿਚ ਡੋਲਣ ਤੋਂ ਰੱਖਿਆ ਦੀ ਮੰਗ ਕਰਨੀ ਹਰੇਕ ਕੀਰਤਨੀਏ ਲਈ ਜ਼ਰੂਰੀ ਹੈ। ਪੁਰਾਣੇ ਰਬਾਬੀ ਤੇ ਰਾਗੀ ਇਸ ਸਲੋਕ ਮਗਰੋ 'ਅਨੰਦ ਗੁਣੀ ਨਿਧਾਨ, ਗੁਰੂ ਗਰੀਬ ਨਿਵਾਜ, ਦਾ ਅਲਾਪ ਵੀ ਕਰਦੇ ਹੁੰਦੇ ਸਨ ਅਤੇ ਇਸ ਵੇਲੇ ਵੀ ਕੋਈ ਟਾਵਾਂ ਟਾਵਾਂ ਰਾਗੀ ਇਹ ਵਾਰਤਕ ਪੜ੍ਹਦਾ ਜਾਂ ਅਲਾਪਦਾ ਹੈ ਪਰ

ਇਸ ਬਾਰੇ ਕੋਈ ਨਿਯਮ ਨਿਸ਼ਚਿਤ ਨਹੀਂ। ਭਾਵੇਂ ਇਸ ਦਾ ਭਾਵ ਗੁਰੂ ਦੀ ਮਹਿਮਾ ਹੀ ਹੈ ਪਰ ਇਸ ਦੇ ਪੜ੍ਹਨ ਦੀ ਕੋਈ ਲੋੜ ਨਹੀਂ ਭਾਸਦੀ ਕਿਉਂਕਿ ਅਜਿਹੀ ਮਹਿਮਾ ਗੁਰਬਾਣੀ ਦੇ ਸ਼ਬਦ ਜਾਂ ਸਲੋਕਾਂ ਰਾਹੀਂ ਵੀ ਕੀਤੀ ਜਾ ਸਕਦੀ ਹੈ।

9) ਕੀਰਤਨ ਵਿਚ ਰਾਗ ਦਾ ਅਲਾਪ ਕਰਨਾ ਚੰਗਾ ਹੈ ਪਰ ਨਾਮ-ਮਾਤਰ ਕੇਵਲ ਰਾਗ ਦਾ ਰੱਸ ਪੈਦਾ ਕਰਨ ਲਈ ਬਹੁਤਾ ਅਲਾਪ ਆਮ ਪ੍ਰੇਮੀਆਂ ਤੇ ਗੁਰਬਾਣੀ ਸ਼ਰੋਤਿਆਂ ਲਈ ਫਿੱਕਾ ਜਿਹਾ ਵਾਤਾਵਰਨ ਬਣਾ ਦੇਂਦਾ ਹੈ। ਰਾਗਾਂ ਦੇ ਅਲਾਪ ਦਾ ਮਤਲਬ ਸਰਗਮਾਂ ਦਾ ਉਚਾਰਨ ਨਹੀਂ। ਇਸੇ ਤਰ੍ਹਾਂ ਸ਼ਬਦ ਸੰਬੰਧਤ ਰਾਗਾਂ ਵਿਚ ਹੀ ਪੜ੍ਹਨੇ ਉਚਿਤ ਹਨ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗ ਦਰਜ ਹਨ। ਰਾਗੀ ਸਿੰਘਾਂ ਨੂੰ ਅਪਣੀ ਸੁਰਤੀ ਟਿਕਾ ਕੇ ਰਾਗਾਂ ਦੁਆਰਾ ਗੁਰਬਾਣੀ ਦਾ ਰਸ ਭਿੰਨੜਾ ਕੀਰਤਨ ਕਰਨਾ ਚਾਹੀਦਾ ਹੈ। ਜਿਸ ਨਾਲ ਸ਼ਰੋਤਿਆਂ ਨੂੰ ਸ਼ਬਦ ਦੀ ਸਮਝ ਪੈ ਜਾਵੇ।

10) ਅੰਮ੍ਰਿਤ ਵੇਲੇ 'ਆਸਾ ਦੀ ਵਾਰ' ਦਾ ਕੀਰਤਨ ਕਰਨਾ ਸਿੱਖ ਧਰਮ ਦੀ ਪੁਰਾਤਨ ਮਰਯਾਦਾ ਹੈ। ਕਈ ਗੁਰਦੁਆਰਿਆਂ ਵਿਚ ਇਸ ਬਾਣੀ ਦਾ ਸੰਪੂਰਨ ਕੀਰਤਨ ਨਹੀਂ ਹੁੰਦਾ। ਕੋਈ ਛੇ ਛੰਤ ਤੇ ਸਲੋਕ, ਕਈ ਥਾਵਾਂ ਤੇ ਸਲੋਕ, ਕਈ ਥਾਵਾਂ ਤੇ ਅਠ ਛੰਤ ਤੇ ਸਲੋਕ ਪਉੜੀਆਂ ਸਮੇਤ ਪੜ੍ਹੇ ਜਾਂਦੇ ਹਨ। ਭਾਵ ਕੀ, ਆਪਣੀ ਮਨ ਮਰਜ਼ੀ ਅਨੁਸਾਰ ਅਧੂਰਾ ਕੀਰਤਨ ਕੀਤਾ ਜਾਂਦਾ ਹੈ। ਪਰ ਪਰੰਪਰਾ ਤੋਂ ਜੋ ਰਹੁਰੀਤੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਚਲਾਈ ਉਸ ਅਧਾਰ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸ੍ਰੀ ਹਰਮੰਦਰ ਸਾਹਿਬ ਅੰਮ੍ਰਿਤਸਰ ਵਿਚ ਕੀਰਤਨ ਕਰਨਾ ਪ੍ਰਚਲਤ ਕੀਤਾ, ਉਸ ਰਹੁਰੀਤੀ ਨੂੰ ਅਪਨਾ-ਉਣਾ ਜ਼ਰੂਰੀ ਹੈ। ਇਸ ਤਰ੍ਹਾਂ ਮਨ ਭਾਉਂਦੀਆਂ ਮਰਯਾਦਾ ਤੋਰੀਆਂ ਗਈਆਂ ਤਾਂ ਸਿੱਖ ਧਰਮ ਦੀ ਏਕਤਾ ਟੁੱਟ ਜਾਵੇਗੀ। ਸਿੱਖ ਜਥੇਬੰਦੀਆਂ ਅਤੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਦਾ ਫਰਜ਼ ਬਣਦਾ ਹੈ ਕਿ ਉਹ ਇਸ ਬੇ-ਮਰਯਾਦਗੀ ਨੂੰ ਦੂਰ ਕਰਨ। ਉਹ ਰਾਗੀ ਸਿੰਘਾਂ ਦੀਆਂ ਯੋਗ ਮਾਇਕ ਲੋੜਾਂ ਨੂੰ ਪੂਰਾ ਕਰ ਕੇ ਉਨ੍ਹਾਂ ਪਾਸੋਂ ਕੀਰਤਨ ਦੀ ਪੂਰੀ ਸੇਵਾ ਲੈਣ। ਜੇ ਖੁਲ੍ਹਾ ਸਮਾਂ ਹੋਵੇ ਤਾਂ ਆਸਾ ਦੀ ਵਾਰ ਦੇ ਕੀਰਤਨ ਵਿਚ ਗੁਰਬਾਣੀ ਦੇ ਹੋਰ ਸ਼ਬਦਾਂ ਦਾ ਗਾਇਨ ਕੀਤਾ ਜਾਣਾ ਯੋਗ ਹੈ ਪਰ ਕੀਰਤਨ ਸਮੇਂ ਹਰੇਕ ਛੰਤ ਨਾਲ ਸ਼ਬਦ ਪੜ੍ਹਨ ਦੀ ਕੋਈ ਪੁਰਾਤਨ ਮਰਯਾਦਾ ਨਹੀਂ, ਇਹ ਪਰਪਾਟੀ ਹੁਣੇ ਹੁਣੇ ਹੀ ਚਲੀ ਹੈ। ਗੁਰਸਿੱਖਾਂ ਨੂੰ ਛੰਤ ਅਤੇ ਸਲੋਕ ਸਹਿਜ ਮਿੱਠੀ ਅਤੇ ਬੱਝਵੀਂ ਲੈਅ ਨਾਲ ਗਾਇਨ ਕਰਨੇ ਚਾਹੀਦੇ ਹਨ ਤਾਂ ਜੋ ਇਸ ਬਾਣੀ ਵਿਚ ਦਿਤੇ ਹੋਏ ਜੀਵਨ ਸੰਦੇਸ਼ ਨੂੰ ਗ੍ਰਹਿਣ ਕੀਤਾ ਜਾ ਸਕੇ। ਵਾਰ ਦਾ ਭੋਗ ਸੂਰਜ ਨਿਕਲਣ ਦੇ ਨਾਲ ਹੀ ਪਾ ਦੇਣਾ ਉਚਿਤ ਹੈ ਜਿਵੇਂ ਕਿ ਸ੍ਰੀ ਹਰਿਮੰਦਰ ਸਾਹਿਬ ਵਿਚ ਆਸ਼ਾ ਕੀ ਵਾਰ ਦੀ

ਚੌਂਕੀ ਦੀ ਪੁਰਾਤਨ ਮਰਯਾਦਾ ਹੈ ਹਾਂ, ਜੇ ਕੋਈ ਸਮਾਗਮ ਲੰਬਾ ਕਰਨਾ ਹੋਵੇ ਤਾਂ ਵਾਰ ਮਗਰੋਂ ਗੁਰਬਾਣੀ ਦਾ ਖੁਲ੍ਹਾ ਕੀਰਤਨ ਕੀਤਾ ਜਾ ਸਕਦਾ ਹੈ।

11) ਗੁਰੂ ਦਰਬਾਰ ਵਿਚ ਜਿਸ ਸ਼ਬਦ ਨੂੰ ਗਾਇਨ ਕੀਤਾ ਜਾਵੇ ਉਸ ਨੂੰ ਸੰਪੂਰਨ ਕਰਨਾ ਜ਼ਰੂਰੀ ਹੈ। ਕਈ ਰਾਗੀ ਸਮੇਂ ਦੀ ਥੁੜ ਕਾਰਨ ਸ਼ਬਦ ਨੂੰ ਅਧਵਾਟੇ ਛੱਡ ਕੇ ਭੋਗ ਪਾ ਦਿੰਦੇ ਹਨ। ਕਈ ਰਾਗੀ ਅਤੇ ਪ੍ਰੇਮੀ ਕੀਰਤਨੀਏ ਗੁਰਬਾਣੀ ਵਿਚੋਂ ਮਨ-ਭਾਉਂਦੀਆਂ ਦੋ ਚਾਰ ਤੁਕਾਂ ਛਾਂਟ ਕੇ ਉਨ੍ਹਾਂ ਦਾ ਕੀਰਤਨ ਕਰਦੇ ਹਨ ਤਾਂ ਜੋ ਸਰੋਤੇ ਖੁਸ਼ ਹੋ ਜਾਣ। ਇਹ ਭੁਲ ਹੈ। ਐਸਾ ਨਹੀਂ ਹੋਣਾ ਚਾਹੀਦਾ।

12) ਰਾਗੀ ਸਿੰਘਾਂ ਨੂੰ ਸ਼ਬਦ ਦੀ ਟੇਕ 'ਰਹਾਉ' ਵਾਲੀ ਪੰਗਤੀ ਰੱਖਣੀ ਚਾਹੀਦੀ ਹੈ ਕਿਉਂਕਿ ਸ਼ਬਦ ਦਾ ਕੇਂਦਰੀ ਭਾਵ ਰਹਾਉ ਵਾਲੀਆਂ ਪੰਗਤੀਆਂ ਵਿਚ ਹੁੰਦਾ ਹੈ। ਇਸ ਲਈ ਸਮੂਹ ਕੀਰਤਨੀਆਂ ਨੂੰ ਇਕ ਮਰਯਾਦਾ ਦਾ ਧਾਰਨੀ ਹੋਣਾ ਚਾਹੀਦਾ ਹੈ। ਮਨ ਮਰਜ਼ੀ ਦੀ ਪੰਗਤੀ ਛਾਂਟ ਕੇ 'ਅਸਥਾਈ' ਬਨਾਉਣੀ ਮਰਯਾਦਾ ਨੂੰ ਭੰਗ ਕਰਨ ਦਾ ਭਾਗੀ ਬਣਨਾ ਹੈ।

13) ਕੀਰਤਨੀਏ ਸਿੰਘਾਂ ਨੂੰ ਗੁਰਬਾਣੀ ਕੰਠ ਹੋਣੀ ਚਾਹੀਦੀ ਹੈ। 'ਅੰਮ੍ਰਿਤ ਕੀਰਤਨ' ਅਮਰ ਕੀਰਤਨ ਆਦਿ ਦੀ ਪੋਥੀਆਂ ਜਾਂ ਕਾਪੀਆਂ ਨੂੰ ਵਾਜੇ ਉਤੇ ਰੱਖ ਕੇ ਉਨ੍ਹਾਂ ਤੋਂ ਵੇਖ ਕੇ ਕੀਰਤਨ ਕਰਨਾ ਠੀਕ ਨਹੀਂ ਹੈ। ਕਈ ਸੱਜਣ ਪੋਥੀ ਦੀ ਥਾਂ ਸ਼ਬਦਾਂ ਨੂੰ ਕਾਗਜ਼ਾਂ ਉਤੇ ਲਿਖ ਕੇ ਵਾਜੇ ਤੇ ਰੱਖ ਲੈਂਦੇ ਹਨ ਤਾ ਕਿ ਸ਼ਰੋਤਿਆਂ ਨੂੰ ਭੁਲੇਖਾ ਦਿੱਤਾ ਜਾ ਸਕੇ ਕਿ ਕੀਰਤਨ ਕਰਨ ਵਾਲਾ ਜ਼ਬਾਨੀ ਪੜ੍ਹ ਰਿਹਾ ਹੈ। ਇਹ ਅਸਲ ਵਿਚ ਆਪਣੇ ਆਪ ਨੂੰ ਧੋਖਾ ਦੇਣਾ ਹੈ, ਸਰੋਤਿਆਂ ਨੂੰ ਨਹੀਂ। ਜਿਹੜੇ ਕੀਰਤਨੀਏ ਪੋਥੀ ਜਾਂ ਕਾਗਜ਼ਾਂ ਤੋਂ ਵੇਖ ਕੇ ਸਬਦ ਪੜ੍ਹਦੇ ਹਨ, ਉਹਨਾਂ ਦੀ ਵੇਖ ਕੇ ਪੜ੍ਹਣ ਦੀ ਆਦਤ ਪੱਕ ਜਾਂਦੀ ਹੈ ਤੇ ਗੁਰਬਾਣੀ ਕੰਠ ਕਰਨ ਲਈ ਉਹਨਾਂ ਵਿਚ ਉਤਸ਼ਾਹ ਨਹੀਂ ਰਹਿੰਦਾ! ਇਸਤੋਂ ਛੁੱਟ ਪੋਥੀ ਤੋਂ ਘੜੀ ਮੁੜੀ ਵੇਖ ਕੇ ਸ਼ਬਦ ਪੜ੍ਹਨਾ ਸੁਰਤਿ ਨੂੰ ਉਖੇੜ ਦੇਂਦਾ ਹੈ। ਕਈ ਵਾਰੀ ਵਾਜੇ ਦੀ ਸੁਰ ਤਾਲ ਨੂੰ ਭਾਂਪਦੇ ਭਾਂਪਦੇ ਗੁਰਬਾਣੀ ਦੀ ਪੰਗਤੀ ਹੀ ਭੁੱਲ ਜਾਂਦੀ ਹੈ। ਭਾਵ ਕੀਰਤਨ ਦੇ ਟਿਕਾਉ ਵਿਚ ਪੋਥੀ ਰੱਖਣ ਵਾਲੀ ਆਦਤ ਵਿਘਨਕਾਰੀ ਹੈ। ਇਸ ਲਈ ਸਮੂਹ ਪ੍ਰੇਮੀਆਂ ਨੂੰ ਗੁਰਬਾਣੀ ਕੰਠ ਕਰਨੀ ਚਾਹੀਦੀ ਹੈ। ਭਰੇ ਹੋਏ ਦੀਵਾਨ ਵਿਚ ਵਾਜੇ ਉਤੇ ਪੋਥੀਆਂ ਰੱਖ ਕੇ ਕੀਰਤਨ ਕਰਨਾ ਕੇਵਲ ਅਸ਼ੋਭਾ ਹੀ ਨਹੀਂ ਪਾਉਂਦਾ ਸਗੋਂ ਵਿਖਾਵੇ ਦਾ ਪ੍ਰਤੀਕ ਵੀ ਹੈ। ਸੋ ਗੁਰਬਾਣੀ ਨੂੰ ਜੀਵਨ ਅਧਾਰ ਬਨਾਉਣਾ ਚਾਹੀਦਾ ਹੈ ਜਿਵੇਂ ਕਿ ਗੁਰਬਾਣੀ ਵਿਚ ਅੰਕਿਤ ਹੈ :—

ਮੈਂ ਸਤਿਗੁਰ ਸੇਤੀ ਪਿਰਹੜੀ, ਕਿਉਂ ਗੁਰ ਬਿਨ ਜੀਵਾ ਮਾਉ ॥
ਮੈਂ ਗੁਰਬਾਣੀ ਆਧਾਰੁ ਹੈ, ਗੁਰਬਾਣੀ ਲਾਗਿ ਰਹਾਉ ॥ (ਪੰਨਾ ੭੫੯)

ਪੋਥੀਆਂ ਨੂੰ ਅਧਾਰ ਬਨਾਉਣਾ ਢਿਲੜਪੁਣੇ ਦੀ ਵੀ ਨਿਸ਼ਾਨੀ ਹੈ।

14) ਕੀਰਤਨੀਏ ਸਿੰਘਾਂ ਨੂੰ ਗਾਇਨ ਕਰਨ ਵਾਲੇ ਸ਼ਬਦਾਂ ਦਾ ਸਰੂਪ ਗਹੁ ਨਾਲ ਵਾਚਣਾ ਚਾਹੀਦਾ ਹੈ ਅਤੇ ਸ਼ੁੱਧ ਉਚਾਰਨ ਕਰਨ ਦਾ ਅਭਿਆਸ ਪਕਾਉਣਾ ਚਾਹੀਦਾ ਹੈ।

15) ਕੀਰਤਨੀਏ ਸਿੰਘ ਜਿਹੜਾ ਸ਼ਬਦ ਗਾਇਨ ਕਰਨ ਉਨ੍ਹਾਂ ਨੂੰ ਉਸ ਸ਼ਬਦ ਦਾ ਅਰਥ-ਬੋਧ ਹੋਣਾ ਲਾਜ਼ਮੀ ਹੈ।

16) ਸਹਿਜ ਪਾਠ ਸਪਤਾਹਿਕ ਪਾਠ ਅਤੇ ਅਖੰਡ ਪਾਠ ਵਿਚਕਾਰ ਕੀਰਤਨ ਕਰਨਾ ਯੋਗ ਨਹੀਂ। ਇਕ ਸਮੇਂ ਇਕੋ ਸਮਾਗਮ ਹੋ ਸਕਦਾ ਹੈ – ਪਾਠ ਜਾਂ ਕੀਰਤਨ। ਜਦੋਂ ਕੀਰਤਨ ਤੇ ਪਾਠ ਦੋਵੇਂ ਇਕੋ ਸਮੇਂ ਇਕ ਥਾਂ ਤੇ ਹੋ ਰਹੇ ਹੋਣ ਤਾਂ ਦੋਵੇਂ ਇਕ ਦੂਜੇ ਦੀ ਸੁਰਤਿ ਨੂੰ ਉਖੇੜਨ ਦਾ ਕਾਰਨ ਬਣਦੇ ਹਨ ਅਤੇ ਸਰੋਤੇ ਜਨ ਵੀ ਟਿਕ ਕੇ ਪੂਰਨ ਆਨੰਦ ਨਹੀਂ ਮਾਣ ਸਕਦੇ।

17) ਸਤਿਗੁਰੂ ਜੀ ਦੀ ਹਜ਼ੂਰੀ ਵਿਚ ਜਦੋਂ ਕੀਰਤਨ ਹੋ ਰਿਹਾ ਹੋਵੇ ਤਾਂ ਕਿਸੇ ਵੀ ਸੱਜਣ ਨੂੰ ਹੁਕਮਨਾਮਾ ਨਹੀਂ ਲੈਣਾ ਚਾਹੀਦਾ।

18) ਅਖੰਡ ਕੀਰਤਨ ਵਿਚ ਵਿਆਖਿਆ ਕਰਨੀ ਠੀਕ ਨਹੀਂ। ਹਾਂ, ਕੀਰਤਨ ਦੇ ਭੋਗ ਮਗਰੋਂ ਜੇ ਕਿਸੇ ਔਖੇ ਜਾਂ ਲੋੜੀਂਦੇ ਸ਼ਬਦ ਦੀ ਵਿਚਾਰ ਕੀਤੀ ਜਾਏ ਤਾਂ ਲਾਭਦਾਇਕ ਹੈ ਅਤੇ ਗੁਰਮਤਿ ਅਨੁਕੂਲ ਹੈ।

19) ਸਿਨਮੇ ਦੀਆਂ ਤਰਜਾਂ ਤੇ ਕੀਰਤਨ ਕਰਨਾ ਮਨਮਤਿ ਹੈ। ਇਹ ਰੀਤਾਂ ਸਾਡੇ ਨੌਜਵਾਨਾਂ, ਬੱਚੇ ਬੱਚੀਆਂ ਉਤੇ ਭੈੜਾ ਪ੍ਰਭਾਵ ਪਾਉਂਦੀਆਂ ਹਨ। ਭਾਈ ਸਾਹਿਬ ਗੁਰਦਾਸ ਜੀ ਨੇ ਇਸ ਬਾਰੇ ਨਿਰਣਾ ਕੀਤਾ ਹੈ 'ਹੋਰਤ ਰਾਗ ਨ ਰੀਝੀਐ, ਸੁਣਿ ਸੁਖ ਨ ਲਹੰਦਾ।

20) ਜੋਟੀਆਂ ਦੇ ਸ਼ਬਦ ਪੜ੍ਹਨ ਵੇਲੇ ਬੜਾ ਹੁਲਾਰਾ ਆਉਂਦਾ ਹੈ; ਪਰ 'ਪ੍ਰਭਾਤ ਫੇਰੀ' ਅਤੇ 'ਨਗਰ ਕੀਰਤਨ' ਵਿਚ ਕਈ ਸੱਜਣ ਗੁਰਬਾਣੀ ਦੇ ਨਾਲ ਆਪਣੀ ਮਨ-ਘੜਤ ਕੱਚੀ ਬਾਣੀ ਦੀਆਂ ਧਾਰਨਾਂ ਬਣਾ ਕੇ ਪੜ੍ਹਦੇ ਹਨ। ਇਸ ਤਰ੍ਹਾਂ ਕਰਨਾ ਮਨਮਤਿ ਨੂੰ ਪ੍ਰਚਾਰਨਾ ਹੈ।

21) ਵਿਆਹ ਉਤੇ ਬਰਾਤ (ਜੰਞ) ਦੇ ਢੁਕਾਉ ਸਮੇਂ ਮਿਲਣੀ ਕਰਨ ਵੇਲੇ ਗੁਰਬਾਣੀ ਦੇ ਸ਼ਬਦਾਂ ਦਾ ਗਾਇਨ ਕਰਨਾ ਯੋਗ ਹੈ ਪਰ ਅਜੋਕੇ ਵਾਤਾਵਰਨ ਨੂੰ ਵੇਖ ਕੇ ਇਸ ਰਹੁਰੀਤੀ ਵਿਚ ਪਰੀਵਰਤਨ ਲਿਆਉਣਾ ਜ਼ਰੂਰੀ ਹੈ। ਕਿਤਨਾ ਚੰਗਾ ਹੋਏ ਕਿ ਇਹ ਮਿਲਣੀਆਂ ਗੁਰਦੁਆਰਿਆਂ ਦੀ ਹਦੂਦ ਅੰਦਰ ਹੋਣ। ਜੇ ਬਾਹਰਲੇ ਢੋਲ-ਢਮੱਕੇ ਬੰਦ ਹੋਣ ਤਾਂ ਹੀ ਗੁਰੂ ਸ਼ਬਦਾਂ ਦੀ ਸ੍ਰੁਤ ਗੁਰਸਿੱਖਾਂ ਦੇ ਕੰਨਾਂ ਵਿਚ ਪੈ ਸਕਦੀ ਹੈ। ਬਾਹਰ ਸੜਕਾਂ ਉਤੇ ਸ਼ਬਦ ਪੜ੍ਹਨ ਸਮੇਂ ਕਿਤਨੇ ਹੀ ਅਨਮਤੀਏ ਸਿਰੋਂ ਨੰਗੇ, ਸ਼ਰਾਬ ਵਿਚ ਗੁੱਟ ਹੋਏ ਹੋਏ ਅਤੇ ਧੂੰਆਂ ਧਾਰੀ

ਘੁਮਾਈ ਫਿਰਦੇ ਹਨ ਜੋ ਵਾਤਾਵਰਨ ਨੂੰ ਗੁਰਮਤਿ ਅਨੁਕੂਲ ਨਹੀਂ ਰਹਿਣ ਦਿੰਦੇ। ਇਸ ਲਈ ਇਸ ਤਰ੍ਹਾਂ ਦੀ ਮਰਯਾਦਾ ਨਿਰੀ ਫੋਕਟ ਕਰਮ ਦਾ ਰੂਪ ਧਾਰਨ ਕਰਦੀ ਜਾ ਰਹੀ ਹੈ।

22) ਕੀਰਤਨ ਸਮੇਂ ਸ਼ਬਦ ਚੋਣ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ। ਜਨਮ ਸੰਸਕਾਰ ਸਮੇਂ ਜਾਂ ਅਨੰਦ ਕਾਰਜਾਂ ਸਮੇਂ ਸੰਬੰਧਤ ਸ਼ਬਦ ਪੜ੍ਹਨੇ ਹੀ ਯੋਗ ਹਨ। ਮਿਰਤਕ ਸੰਸਕਾਰਾਂ ਸਮੇਂ ਮਾਰੂ ਵਡਹੰਸ ਆਦਿ ਰਾਗਾਂ ਵਿਚੋਂ ਵੈਰਾਗਮਈ ਸ਼ਬਦ ਅਤੇ ਅਲਾਹਣੀਆਂ ਪੜ੍ਹਨੀਆਂ ਉਚਿਤ ਹਨ। ਸਿੱਖ ਧਰਮ ਵਿਚ ਸੁੱਖ ਦੁੱਖ ਦੋਨਾਂ ਹਾਲਤਾਂ ਵਿਚ ਕੀਰਤਨ ਕੀਤਾ ਜਾਂਦਾ ਹੈ ਪ੍ਰੰਤੂ ਕਰਤਾ-ਪੁਰਖ ਜੀ ਦਾ ਧੰਨਵਾਦ ਅਤੇ ਭਾਣੇ ਵਿਚ ਜੀਵਨ ਬਤੀਤ ਕਰਨਾ ਹੀ ਸਿੱਖੀ ਧਰਮ ਦਾ ਮੁਢਲਾ ਉਪਦੇਸ਼ ਹੈ।

23) ਕੀਰਤਨ ਕਰਨ ਸਮੇਂ ਗੁਰੂ ਦਰਬਾਰ ਵਿਚ ਮੱਥਾ ਟੇਕਣ ਵਾਲੇ ਅਤੇ ਬੈਠੇ ਹੋਏ ਪ੍ਰੇਮੀਆਂ ਵੱਲ ਇਧਰ ਉਧਰ ਵੇਖਣਾ ਠੀਕ ਨਹੀਂ। ਕੀਰਤਨ ਸਮੇਂ ਕੇਵਲ ਗੁਰੂ ਸ਼ਬਦ ਵਿਚ ਹੀ ਸੁਰਤਿ ਨੂੰ ਜੋੜਨਾ ਹੈ, ਜਿਸ ਨਾਲ ਕੀਰਤਨੀਆ ਵੀ ਅਨੰਦ ਮਾਣ ਸਕਦਾ ਹੈ ਅਤੇ ਜੁੜੀ ਹੋਈ ਸੁਰਤਿ ਨਾਲ ਕੀਤੇ ਗਏ ਕੀਰਤਨ ਦਾ ਸਦਕਾ ਸਾਧ ਸੰਗਤ ਨੂੰ ਵੀ ਰਸ ਆਉਂਦਾ ਹੈ।

24) ਕੀਰਤਨ ਦੇ ਵਿਚਕਾਰ ਹੀ ਰਾਗੀ ਸਿੰਘਾਂ ਨੂੰ ਮਾਇਆ ਭੇਟਾ ਕਰਨੀ ਠੀਕ ਨਹੀਂ ਕਿਉਂਕਿ ਇੰਝ ਕਰਨ ਨਾਲ ਰਾਗੀ ਸਿੰਘਾਂ ਦੀ ਬਿਰਤੀ ਸ਼ਬਦ ਵਲੋਂ ਟੁੱਟ ਕੇ ਮਾਇਆ ਵੱਲ ਚਲੀ ਜਾਂਦੀ ਹੈ ਅਤੇ ਇਹ ਕੀਰਤਨ-ਰਸੀਆਂ ਲਈ ਰੰਗ ਵਿਚ ਭੰਗ ਪਾਉਣ ਸਮਾਨ ਹੈ। ਕਿਤਨਾ ਚੰਗਾ ਹੋਵੇ ਜੇ ਗੁਰਦਵਾਰਿਆਂ ਦੇ ਪ੍ਰਬੰਧਕ ਰਾਗੀ ਸਿੰਘਾਂ ਨੂੰ ਮਾਇਕ ਸਹੂਲਤਾਂ ਦੇ ਕੇ ਉਨ੍ਹਾਂ ਦੀਆਂ ਰੁਪਏ-2 ਦੀਆਂ ਵੇਲਾਂ ਵਲੋਂ ਝਾਕ ਮੁਕਾ ਦੇਣ। ਗੁਰੂ ਦਰਬਾਰ ਵਿਚ ਕੀਰਤਨੀਆਂ ਦਾ ਤਨੋ ਮਨੋ ਸਤਿਕਾਰ ਕਰਨਾ ਅਤੇ ਬਾਹਰਲੇ ਵਾਤਾਵਰਨ ਵਿਚ ਵੀ ਧਨ ਨਾਲ ਜਿਤਨੀ ਸੇਵਾ ਹੋ ਸਕੇ, ਕਰਨੀ ਉਚਿਤ ਹੈ।

25) ਕੀਰਤਨੀਆਂ ਦੀ ਖੁਰਾਕ ਤੇ ਪੁਸ਼ਾਕ ਸਾਧਾਰਨ ਹੋਣੀ ਚਾਹੀਦੀ ਹੈ ਤਾਂ ਜੋ ਸਰੋਤੇ ਉਨ੍ਹਾਂ ਤੋਂ ਚੰਗਾ ਪ੍ਰਭਾਵ ਲੈ ਸਕਣ। ਗੁਰਸਿੱਖ ਵੀਰਾਂ ਤੇ ਭੈਣਾਂ ਨੂੰ ਭੜਕੀਲੀ ਪੁਸ਼ਾਕ ਪਾ ਕੇ ਕੀਰਤਨ ਕਰਨ ਤੋਂ ਸੰਕੋਚ ਕਰਨਾ ਚਾਹੀਦਾ ਹੈ ਸਰੋਤੇ ਜਨਾਂ ਤੇ ਵੀ ਇਹ ਅਸੂਲ ਲਾਗੂ ਹੁੰਦਾ ਹੈ।

ਇਸੇ ਤਰ੍ਹਾਂ ਵਾਜੇ ਜੋੜੀਆਂ ਭਾਵ ਸਾਜਾਂ ਨੂੰ ਬੰਨਣ ਵਾਲੇ ਕੱਪੜੇ ਸਾਫ ਸੁਥਰੇ ਹੋਣੇ ਚਾਹੀਦੇ ਹਨ, ਮੈਲੇ ਕੁਚੈਲੇ ਤੇ ਫਟੇ ਹੋਏ ਨਹੀਂ ਹੋਣੇ ਚਾਹੀਦੇ ਜਿਸ ਨਾਲ ਗੁਰੂ ਦਰਬਾਰ ਦੀ ਸ਼ਾਨ ਤੇ ਸ਼ੋਭਾ ਨੂੰ ਧੱਕਾ ਵਜੇ।

26) ਕਈ ਸੱਜਣ ਦੀਵਾਨ ਵਿਚੋਂ ਉੱਠ ਕੇ ਕੀਰਤਨ ਕਰ ਰਹੇ ਕੀਰਤਨੀਆਂ ਪਾਸ ਜਾ ਕੇ ਉਹਨਾਂ ਨੂੰ ਫੁਰਮਾਇਸ਼ਾਂ ਕਰਦੇ ਹਨ ਕਿ ਫਲਾਣੇ

ਸ਼ਬਦ ਦਾ ਕੀਰਤਨ ਕਰੋ। ਇਹ ਠੀਕ ਨਹੀਂ। ਜੇ ਕਿਸੇ ਸੱਜਣ ਨੂੰ ਕਿਸੇ ਖਾਸ ਸ਼ਬਦ ਦੇ ਸੁਣਨ ਦਾ ਬਹੁਤਾ ਚਾਉ ਹੋਵੇ ਤਾਂ ਕੀਰਤਨੀਆਂ ਨੂੰ ਦੀਵਾਨ ਵਿਚ ਆਉਣ ਤੋਂ ਪਹਿਲਾਂ ਹੀ ਬੇਨਤੀ ਕਰ ਲੈਣੀ ਯੋਗ ਹੈ।

27) ਕੀਰਤਨ ਸਮੇਂ ਸੰਗਤ ਵਿਚ ਬੈਠੇ ਬੇਸੁਰੇ ਪ੍ਰੇਮੀਆਂ ਨੂੰ ਰਾਗੀਆਂ ਦੇ ਨਾਲ ਸ਼ਬਦ ਪੜ੍ਹਨ ਤੋਂ ਸੰਕੋਚ ਕਰਨਾ ਚਾਹੀਦਾ ਹੈ ਕਿਉਂਕਿ ਇਸ ਤਰ੍ਹਾਂ ਉਹ ਬਾਕੀ ਸਰੋਤਿਆਂ ਦੀ ਸੁਰਤਿ ਨੂੰ ਉਖੇੜਨ ਦਾ ਕਾਰਨ ਬਣਦੇ ਹਨ।

28) ਬਹੁਤ ਥਾਵਾਂ ਤੇ ਗੁਰਪੁਰਬਾਂ ਅਤੇ ਹੋਰ ਅਵਸਰਾਂ ਤੇ ਰੇਡੀਓ-ਸਿੰਗਰਾਂ ਅਤੇ ਗੀਤ-ਕਾਰਾਂ ਨੂੰ ਬੁਲਾ ਕੇ ਕੱਚੀ ਬਾਣੀ ਗਵਾਈ ਜਾਂਦੀ ਹੈ। ਇਹ ਮਨਮਤਿ ਹੈ। ਬਹੁਤੇ ਰੇਡੀਓ ਸਿੰਗਰ ਅਤੇ ਗੀਤਕਾਰ ਕੀਰਤਨ ਮਟੇਜਾਂ ਤੇ ਗੋਡਿਆਂ ਨੂੰ ਅੱਗੇ ਕਰਕੇ, ਪੈਰ ਪਿਛੇ ਕਰਕੇ, (ਇਕ ਤਰਫ ਝੁਕ ਕੇ) ਬੜੇ ਫੈਸ਼ਨ ਨਾਲ ਬਹਿੰਦੇ ਹਨ। ਇਹਨਾਂ ਦੀ ਦੇਖਾ-ਦੇਖੀ ਹੁਣ ਕਈ ਕੀਰਤਨ ਕਰਨ ਵਾਲੀਆਂ ਬੀਬੀਆਂ ਅਤੇ ਵੀਰ ਵੀ ਗੁਰੂ ਦਰਬਾਰ ਵਿਚ ਚੌਂਕੜਾ ਮਾਰ ਕੇ ਨਹੀਂ ਬਹਿੰਦੇ। ਕਈ ਸੱਜਣ ਦਰਬਾਰ ਵਿਚ ਗੋਡੇ ਖੜੇ ਕਰਕੇ ਗੋਡਿਆਂ ਨੂੰ ਬਾਹਵਾਂ ਵਿਚ ਲੈ ਕੇ ਸਿਰ ਸੁੱਟ ਦੇਂਦੇ ਹਨ ਇਸ੍ਹਤਰ੍ਹਾਂ ਬਹਿਣਾ ਆਲਸ ਤੇ ਥਕੇਵੇਂ ਦਾ ਸੂਚਕ ਹੈ ਅਤੇ ਗੁਰੂ ਦੀ ਭੈ-ਭਾਵਨੀ ਨੂੰ ਵਿਸਾਰਨਾ ਹੈ।

29) ਕੀਰਤਨ ਦੇ ਦੌਰਾਨ ਗੁਰੂ ਦਰਬਾਰ ਵਿਚ ਹੀ ਚਾਹ ਪਾਣੀ ਛਕਣ ਛਕਾਉਣ ਦੀ ਪਰਪਾਟੀ ਚਲ ਪਈ ਹੈ। ਕਈ ਥਾਈਂ ਸ਼ਹੀਦੀ ਗੁਰਪੁਰਬ ਸਮੇਂ ਕੱਚੀ ਲੱਸੀ ਗੁਰੂ ਦਰਬਾਰ ਅੰਦਰ ਛਕਾਈ ਜਾਂਦੀ ਹੈ। ਹੁਣ ਤਾਂ ਐਸੇ ਅਵਸਰਾਂ ਤੇ ਧਨਾਢਾਂ ਅਤੇ ਨਵੇਂ ਖਿਆਲੀਆਂ (ਆਪਣੇ ਆਪ ਨੂੰ ਅਗਾਹ ਵਧੂ ਆਖਣ ਵਾਲਿਆਂ) ਨੇ ਕੋਕਾ ਕੋਲਾ ਦੀਆਂ ਬੋਤਲਾਂ ਵਿਚ ਨਲੀਆਂ ਪਾ ਕੇ ਗੁਰੂ ਦਰਬਾਰ ਅੰਦਰ ਹੀ ਇਸੇ ਤਰ੍ਹਾਂ ਦੀ ਪ੍ਰਥਾ ਚਲਾ ਦਿੱਤੀ ਹੈ। ਪ੍ਰਸ਼ਾਦ ਦੇ ਸਿਵਾ ਗੁਰੂ ਦੀ ਹਜ਼ੂਰੀ ਵਿਚ ਕੋਈ ਵਸਤੂ ਛਕਣੀ ਛਕਾਉਣੀ ਸੋਭਾ ਨਹੀਂ ਦਿੰਦੀ। ਅੰਮ੍ਰਿਤ ਸੰਚਾਰ ਮੰਡਲ ਅੰਦਰ ਵੀ ਅੰਮ੍ਰਿਤ ਪਾਨ ਕਰਨ ਅਤੇ ਕੜਾਹ ਪ੍ਰਸ਼ਾਦ ਛੱਕਣ ਤੋਂ ਸਿਵਾ ਹੋਰ ਕੋਈ ਵਸਤੂ ਛਕਣੀ ਉਚਿਤ ਨਹੀਂ।

30) ਕੀਰਤਨ ਦਰਬਾਰ ਵਿਚ ਆਪਸ ਵਿਚ ਇਕ ਦੂਜੇ ਨਾਲ ਗੁਰਬਾਣੀ ਦੀ ਪੁਛ ਤੋਂ ਸਿਵਾਇ ਹੋਰ ਕੋਈ ਗੱਲ ਕਰਨੀ ਯੋਗ ਨਹੀਂ ਸਗੋਂ ਮਨਮਤਿ ਹੈ :-
'ਸਤਿਸੰਗ ਜਾਇ ਕਰ ਚਿਤ ਡੁਲਾਵੈ ॥ ਹਰਿ ਜਸ ਸੁਨਤੇ ਬਾਤ ਚਲਾਵੈ ॥
ਨਿਰਧਨ ਦੇਖਿ, ਨਾ ਪਾਸ ਬਹਾਵੈ। ਸੋ ਤਨਖਾਹੀ ਮੂਲ ਕਹਾਵੈ ॥''

(ਤਨਖਾਹ ਨਾਮਾ ਭਾ: ਨੰਦ ਲਾਲ ਜੀ)

31) ਨਵੇਂ ਜੁਗ ਦੇ ਪ੍ਰਭਾਵ ਹੇਠਾਂ ਕੀਰਤਨ ਦਰਬਾਰ ਵਿਚ ਟੇਪ-ਰਿਕਾਰਡਰ ਤੇ ਕੀਰਤਨ ਟੇਪ ਕਰਨ ਦਾ ਫੈਸ਼ਨ ਦਿਨੋ ਦਿਨ ਵਧ ਰਿਹਾ ਹੈ। ਕੀਰਤਨ ਟੇਪ ਕਰਨ ਵਾਲੇ ਸੱਜਣਾਂ ਨੂੰ ਕੀਰਤਨ ਦੇ ਵਿਚਕਾਰ ਟੇਪ-ਰਿਕਾਰਡਰ ਸੈਟ ਨਹੀਂ

ਕਰਨੇ ਚਾਹੀਦੇ। ਅਜਿਹੇ ਕੰਮ ਦੀਵਾਨ ਸੱਜਣ ਤੋਂ ਪਹਿਲਾਂ ਕਰ ਲੈਣੇ ਚਾਹੀਦੇ ਹਨ, ਤਾਂ ਕਿ ਸ੍ਰੋਤਿਆਂ ਅਤੇ ਕੀਰਤਨੀਆਂ ਦੀ ਬਿਰਤੀ ਨਾ ਉਖੜੇ। ਵੈਸੇ ਜੇਕਰ ਉਪਰੋਕਤ ਫ਼ੈਸ਼ਨ ਵਧਦਾ ਗਿਆ ਤਾਂ ਗੁਰੂ ਦਰਬਾਰ ਵਿਚ ਕੀਰਤਨ ਦਾ ਰਸ ਮਾਣ ਸਕਣਾ ਕਠਨ ਹੋ ਜਾਵੇਗਾ। ਸੋ ਇਸ ਬਾਰੇ ਪ੍ਰਬੰਧਕਾਂ ਨੂੰ ਖਾਸ ਧਿਆਨ ਦੇਣਾ ਚਾਹੀਦਾ ਹੈ।

32) ਪ੍ਰਭਾਤ ਫੇਰੀ ਜਾਂ ਨਗਰ ਕੀਰਤਨ ਦੀ ਵਾਪਸੀ ਤੇ ਗੁਰਦੁਆਰੇ ਦੇ ਬਾਹਰਲੇ ਗੇਟ ਤੇ ਹੀ ਸ਼ਬਦ ਕੀਰਤਨ ਦੀ ਸਮਾਪਤੀ ਕਰ ਦੇਣੀ ਚਾਹੀਦੀ ਹੈ ਤਾਂ ਜੋ ਗੁਰੂ ਦਰਬਾਰ ਵਿਚ ਬੈਠੇ ਹੋਏ ਸੱਜਣਾਂ ਦੇ ਟਿਕਾਉ ਵਿਚ ਵਿਘਨ ਨਾ ਪਵੇ।

33) ਕੀਰਤਨ ਕਰਨ ਵਾਲਿਆਂ ਨੂੰ ਆਪ ਭੀ ਕੀਰਤਨ ਸੁਣਨ ਦਾ ਅਭਿਆਸ ਪਕਾਉਣਾ ਚਾਹੀਦਾ ਹੈ। ਬਹੁਤੇ ਰਾਗੀ ਜੱਥੇ ਦੂਜੇ ਰਾਗੀਆਂ ਪਾਸੋਂ ਕੀਰਤਨ ਸੁਣਨ ਲਈ ਨਹੀਂ ਬੈਠਦੇ। ਗ੍ਰੰਥੀ ਸਿੰਘ ਵੀ ਸੁਖਮਨੀ ਸਾਹਿਬ ਆਦਿ ਹੋਰ ਪਾਠ ਕਰਨ ਉਪਰੰਤ ਕੀਰਤਨ ਦੇ ਆਰੰਭ ਅਤੇ ਭੋਗ ਸਮੇਂ ਹੀ ਗੁਰੂ ਦਰਬਾਰ ਵਿਚ ਹਾਜ਼ਰ ਹੁੰਦੇ ਹਨ। ਸਜੇ ਦੀਵਾਨ ਵਿਚੋਂ ਉਹ ਵੀ ਉਠ ਜਾਂਦੇ ਹਨ। ਇਸ ਲਈ ਖਾਲਸਾ ਪੰਥ ਦੇ ਰਾਗੀ, ਕਥਾ ਵਾਚਕ ਅਤੇ ਗ੍ਰੰਥੀ ਸਾਹਿਬਾਨ ਜੇ ਆਪ ਸੰਗਤੀ ਜੀਵਨ ਵਿਚ ਪ੍ਰਵੇਸ਼ ਕਰਨ ਦੇ ਆਦੀ ਹੋ ਜਾਣ ਤਾਂ ਕਈ ਪ੍ਰੇਮੀ ਉਨ੍ਹਾਂ ਦੇ ਜੀਵਨ ਤੋਂ ਪ੍ਰਭਵਤ ਹੋ ਕੇ ਸ਼ੁਭ ਪ੍ਰੇਰਨਾ ਪ੍ਰਾਪਤ ਕਰ ਸਕਦੇ ਹਨ।

34) ਗੁਰਬਾਣੀ ਵਿਚ ਜਿਵੇਂ ਗੁਰ-ਪਰਮੇਸ਼ਰ ਦੀ ਉਸਤਤੀ ਬਾਰੇ ਅਨੇਕਾਂ ਸ਼ਬਦ ਹਨ, ਉਸੇ ਤਰ੍ਹਾਂ ਸੰਤ ਪਦਵੀ ਨੂੰ ਵਡਿਆਣ ਵਾਲੇ ਵੀ ਕਈ ਸ਼ਬਦ ਹਨ। ਜਿੱਥੇ ਚਿਟੇ ਜਾਂ ਭਗਵੇ ਬਾਣੇ ਵਾਲੇ ਮਨਮਤੀਏ, ਪਖੰਡੀ ਸੰਤ, ਆਪਣੇ ਸ਼ਰਧਾ-ਲੂਆਂ ਦੇ ਦੀਵਾਨ ਵਿਚ ਬੈਠੇ ਹੋਣ, ਉਥੇ ਗੁਰਮਤਿ ਮਾਰਗ ਤੇ ਚਲਣ ਵਾਲੇ ਕੀਰਤਨੀਆਂ ਨੂੰ ਵਿਸ਼ੇਸ਼ ਧਿਆਨ ਨਾਲ ਕੀਰਤਨ ਕਰਨਾ ਚਾਹੀਦਾ ਹੈ। ਸੰਤਾਂ ਦੀ ਵਡਿਆਈ ਵਾਲੇ ਸ਼ਬਦ ਪੜ੍ਹਨ ਤੋਂ ਸੰਕੋਚ ਕਰਨਾ ਚਾਹੀਦਾ ਹੈ ਕਿਉਂਕਿ ਅਜਿਹੇ ਸਬਦਾਂ ਦੇ ਪ੍ਰਭਾਵ ਹੇਠਾਂ ਕਈ ਭੋਲੇ ਭਾਲੇ ਸਰੋਤੇ ਭੁਲੇਖਾ ਖਾ ਜਾਂਦੇ ਹਨ। ਭੇਖੀ ਸੰਤਾਂ ਨੂੰ ਮਾਇਆ ਦੇ ਲਾਲਚ ਪਿਛੇ ਖੁਸ਼ ਕਰਨ ਲਈ ਗੁਰਬਾਣੀ ਦੇ ਚੋਣਵੇਂ ਸ਼ਬਦਾਂ ਦਾ ਕੀਰਤਨ ਕਰਨਾ ਗੁਰਮਤਿ ਆਸ਼ੇ ਦੇ ਉਲਟ ਹੈ ਰਾਗੀ ਸਿੰਘਾਂ ਨੂੰ ਸਤਿਗੁਰੂ ਦੀ ਖੁਸ਼ੀ ਪ੍ਰਾਪਤ ਕਰਨੀ ਚਾਹੀਦੀ ਹੈ। ਕਿਉਂਕਿ ਨਿਰੀ ਮਾਇਆ ਦਾ ਲਾਲਚ ਨਰਕ ਵਿਚ ਲੈ ਜਾਂਦਾ ਹੈ।

35) ਕੀਰਤਨ ਵਿਚ 'ਵਾਹਿਗੁਰੂ' ਗੁਰ-ਮੰਤਰ ਦਾ ਜਾਪ ਕਰਨਾ ਸੁਖ-ਦਾਈ ਹੈ ਪਰ ਗਾਇਨ ਕਰਨ ਵੇਲੇ ਸਹਜ ਤੇ ਸੰਜਮ ਦੀ ਲੋੜ ਹੈ। ਜਦੋਂ ਤਕ ਹਿਰਦੇ ਚੋਂ ਨਾਮ ਦੀ ਬਿਰਹੋਂ (ਹੂਕ) ਨਾ ਉਠੇ ਗੁਰ-ਮੰਤਰ ਦੀ ਧੁਨੀ ਨੂੰ ਕੀਰਤਨ ਰੂਪ ਵਿਚ ਗਾਉਣਾ ਲੋਕਾਂ ਨੂੰ ਪਤਿਆਉਣ ਵਾਲੀ ਗੱਲ ਤੋਂ ਵਧ ਕੁਝ ਨਹੀਂ। ਕਈ ਪ੍ਰੇਮੀ ਜਦੋਂ 'ਪੰਚੇ ਸ਼ਬਦ ਵਜੇ ਮਤ ਗੁਰਮਤਿ, ਵਡਭਾਗੀ, ਅਨਹਦ

ਵਾਜਿਆ' ਜਾਂ ਅਜਿਹੇ ਹੋਰ ਸ਼ਬਦ ਜਿਨ੍ਹਾਂ ਵਿਚ ਨਾਮ ਦਾ ਅਖਰ ਆਵੇ ਝੱਟ ਵਾਹਿਗੁਰੂ-੨ ਦੀ ਲਗਾਤਾਰ ਧੁਨੀ ਲਾਉਣੀ ਅਰੰਭ ਦੇਂਦੇ ਹਨ ਪਰ ਜਦੋਂ ਜੋੜੀ ਵਜਾਉਣ ਵਾਲਾ ਪ੍ਰੇਮੀ ਜੋੜੀ ਦੇ ਪੁੱੜੇ ਤੇ ਥੱਪ ਮਾਰਨੇ ਬੰਦ ਕਰ ਦੇਂਦਾ ਹੈ ਤਾਂ ਉਸ ਵੇਲੇ ਗੁਰਮੰਤਰ ਦਾ ਗਾਇਕ ਪ੍ਰੇਮੀ ਵੀ ਵਾਜੇ ਰਾਹੀਂ ਗਾਈ ਜਾ ਰਹੀ ਧੁਨੀ ਨੂੰ ਬੰਦ ਕਰ ਦੇਂਦਾ ਹੈ ਤੇ ਮੁੜ ਚਲ ਰਹੇ ਸ਼ਬਦ ਦੀ ਅਸਥਾਈ ਫੜ ਚਲ ਰਹੇ ਸ਼ਬਦ ਦੀ ਅਸਥਾਈ ਫੜ ਲੈਂਦਾ ਹੈ। ਅਜਿਹੀ ਧੁਨੀ 'ਅਨਹਦ ਸ਼ਬਦ' ਦੀ ਲਖਾਇਕ ਨਹੀਂ ਹੁੰਦੀ ਅਤੇ ਨਾ ਹੀ ਕੀਰਤਨੀਏ ਦੇ ਅੰਦਰੋਂ ਸੁਤੇ ਸਿਧ ਉਠਦੀ ਹੈ। ਨਾਮ-ਸਿਮਰਨ ਨੂੰ ਕੀਰਤਨ ਰੂਪ ਵਿਚ ਪ੍ਰਗਟਾਉਣ ਵਾਲੇ ਹਿਰਦੇ ਅੰਦਰ ਪ੍ਰੇਮ ਦੀ ਕਣੀ ਹੋਣੀ ਚਾਹੀਦੀ ਹੈ ਜਿਸ ਦੀ ਅਵਾਜ਼ ਸਰੋਤਿਆਂ ਦੇ ਹਿਰਦੇ ਵਿਚ ਨਾਮ ਦੀ ਧੂਹ ਪਵੇ। ਜੇ ਇਹ ਅਵਸਥਾ ਨਹੀਂ ਤਾਂ ਬਾਹਰਮੁਖੀ ਉਚੀਆਂ ਗੁਰਮੰਤ੍ਰ ਦੀਆਂ ਧੁਨੀਆਂ ਜੋ ਵਿਖਾਵੇ ਦਾ ਕਾਰਨ ਬਣਨ, ਬੇ-ਰਸੀ ਪੈਦਾ ਕਰਨ ਤੋਂ ਸਿਵਾਏ ਹੋਰ ਕੁਝ ਨਹੀਂ ਸਵਾਰ ਸਕਦੀਆਂ। ਹਾਂ, ਜਨ ਨਾਨਕੁ ਮੁਸਕਿ ਝਕੋਲਿਆ, ਸਭੁ ਜਨਮੁ ਧਨੁ ਧੰਨਾ' ਵਾਲੀ ਸਥਿਤੀ ਹੋਵੇ ਤਾਂ ਗੁਰ-ਮੰਤ੍ਰ' ਦੀ ਰਸ-ਭਿੰਨੜੀ ਤੇ ਵਿਸਮਾਦਕ ਧੁੰਨੀ ਅਨੰਦ-ਦਾਤੀ ਬਣ ਜਾਂਦੀ ਹੈ।

36) ਵਿਅਕਤੀਗਤ ਨੇਮਾਂ ਨੂੰ ਸੰਗਤੀ-ਨੇਮਾਂ ਨਾਲ ਜੋੜਨ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ ਅਤੇ ਗੁਰਮਤਿ ਮਰਯਾਦਾ ਤੇ ਪੂਰਾ ਪੂਰਾ ਪਹਿਰਾ ਦੇਣਾ ਚਾਹੀਦਾ ਹੈ, ਇਸ ਤਰ੍ਹਾਂ ਗੁਰਸਿੱਖ-ਵਾੜੀ ਦੀ ਸੁਗੰਧੀ ਸਭ ਪਾਸੇ ਪਸਰ ਸਕਦੀ ਹੈ, ਹੋਰ ਕੋਈ ਹੀਲਾ ਵਸੀਲਾ ਕਿਸੇ ਕੰਮ ਨਹੀਂ ਆ ਸਕਦਾ।

(ਸਿੱਖ ਧਰਮ ਫਿਲਾਸਫੀ ਵਿਚੋਂ ਧੰਨਵਾਦ ਸਹਿਤ)

—0—

(ਸਫਾ 18 ਦੀ ਬਾਕੀ)

ਅਪੀਲ ਜਾਰੀ ਕੀਤੀ ਜਾਵੇ ਜਿਸ ਅਨੁਸਾਰ ਜਿਨ੍ਹਾਂ ਕੀਰਤਨ ਪ੍ਰੇਮੀਆਂ ਦੇ ਨਿਜੀ ਸੰਗ੍ਰਿਹ ਵਿਚ ਪੁਰਾਤਨ ਰਾਗੀ ਜਥਿਆਂ ਦੀਆਂ ਟੇਪਾਂ ਮੌਜੂਦ ਹਨ ਉਹ ਇਸ ਕੀਰਤਨ ਲਾਇਬਰੇਰੀ ਦੇ ਪ੍ਰਬੰਧਕਾਂ ਨੂੰ ਆਪਣੀਆਂ ਟੇਪਾਂ ਰਿਕਾਰਡਿੰਗ ਹਿਤ ਦੇਣ ਅਤੇ ਉਹ ਟੇਪਾਂ ਧੰਨਵਾਦ ਸਹਿਤ ਕੰਮ ਪੂਰਾ ਹੋ ਜਾਣ ਤੇ ਮੋੜ ਦਿੱਤੀਆਂ ਜਾਣ। ਡਿਜਿਟਲ ਰਿਕਾਰਡਿੰਗ ਅਤੇ ਕੌਂਪੈਕਟ ਡਿਸਕ ਬਾਰੇ ਵੀ ਲੇਖਕ ਨੇ ਸਹੀ ਵਿਚਾਰ ਪ੍ਰਗਟ ਕੀਤੇ ਹਨ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਸ: ਹਰਜਾਪ ਸਿੰਘ ਜੀ ਵੱਲੋਂ ਪ੍ਰਗਟਾਏ ਗਏ ਵਿਚਾਰਾਂ ਨਾਲ ਹਜ਼ਾਰਾਂ ਹੀ ਕੀਰਤਨ ਪ੍ਰੇਮੀ ਸਹਿਮਤੀ ਰੱਖਦੇ ਹੋਣਗੇ। ਪਰ ਲੋੜ ਕੇਵਲ ਉਪਰਾਲੇ ਦੀ ਹੈ। ਇਥੇ ਇਹ ਕਹਿਣਾ ਯੋਗ ਹੋਵੇਗਾ ਕਿ ਗੁਰੂ ਨਾਨਕ ਸਤਸੰਗ ਸਭਾ' ਸਿੰਗਾਪੁਰ ਨੇ ਸ: ਅਮੀਰ ਸਿੰਘ ਜੀ ਦੀ ਅਣਥੱਕ ਮਿਹਨਤ ਦਾ ਸਦਕਾ ਉੱਚ ਕੋਟੀ ਦੇ ਰਾਗੀ ਜਥਿਆਂ ਦੇ ਕੀਰਤਨ ਦੀਆਂ ਟੇਪਾਂ ਦਾ ਸੰਕਲਨ ਕੀਤਾ ਹੈ।

ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਕੋਈ ਵੀ ਕੀਰਤਨ ਪ੍ਰੇਮੀ 'ਗੁਰੂ ਨਾਨਕ ਸਤਸੰਗ ਸਭਾ' ਨਾਲ ਸੰਪਰਕ ਕਰਕੇ ਆਪਣੇ ਮਨ ਪਸੰਦ ਦੇ ਰਾਗੀ ਜੱਥੇ ਦੀਆਂ ਟੇਪਾਂ ਡਾਕ ਰਾਹੀਂ ਮੰਗਵਾ ਸਕਦਾ ਹੈ। ਸਭਾ ਵੱਲੋਂ ਕੇਵਲ ਟੇਪ ਦਾ ਮੋਖ ਹੀ ਲਿਆ ਜਾਂਦਾ ਹੈ, ਕੋਈ ਮੁਨਾਫਾ ਨਹੀਂ।

ਆਸ ਕੀਤੀ ਜਾਂਦੀ ਹੈ ਕਿ ਸਿੱਖ ਪੰਥ ਦੀਆਂ ਪ੍ਰਮੁੱਖ ਸਭਾ, ਸੁਸਾਇਟੀਆਂ ਅਤੇ ਜੱਥੇਬੰਦੀਆਂ ਇਸ ਅਤਿ ਲੋੜੀਂਦੇ ਕਾਰਜ ਨੂੰ ਆਰੰਭ ਕਰਨ ਵੱਲ ਸ਼ੀਘਰ ਧਿਆਨ ਦੇਣਗੀਆਂ। ਜੇ ਨਹੀਂ ਤਾਂ ਦਾਸ ਨੂੰ ਇਹ ਕਹਿਣ ਵਿਚ ਕੋਈ ਹਿਚਕਚਾਹਟ ਨਹੀਂ ਕਿ ਆ ਰਹੇ ਸਮੇਂ ਵਿਚ 'ਅੰਮ੍ਰਿਤ ਕੀਰਤਨ ਟ੍ਰਸਟ' ਨੂੰ ਹੀ ਡਾ. ਜਾਗੀਰ ਸਿੰਘ ਜੀ ਅਤੇ ਉਨ੍ਹਾਂ ਦੇ ਸਹਿਯੋਗੀਆਂ ਦੀ ਅਗਵਾਈ ਹੇਠ ਇਹ ਮਹਾਨ ਬੀੜਾ ਚੁੱਕਣਾ ਪਵੇਗਾ। ਇਹ ਵੀ ਆਸ ਕੀਤੀ ਜਾਂਦੀ ਹੈ ਕਿ ਇਸ ਕਾਰਜ ਵਿਚ ਸਿੱਖ ਕੌਮ ਦਾ ਹਰ ਕੀਰਤਨ ਪ੍ਰੇਮੀ ਆਪਣੀ ਵਿੱਤ ਅਨੁਸਾਰ ਸਹਿਯੋਗ ਹਿਤ ਵਚਨਬੱਧ ਹੋਵੇਗਾ।

—0—

# ਰਾਗ ਪਹਾੜੀ, ਤਾਲ ਦਾਦਰਾ

— ਸੰਤ ਸਰਵਣ ਸਿੰਘ 'ਗੰਧਰਵ'

ਰਾਗ ਪਹਾੜੀ ॥ ਵਾਦੀ ਸ, ਸੰਵਾਦੀ—ਪ ॥ ਠਾਠ—ਬਿਲਾਵਲ ॥

ਜਾਤਿ ਓਡਵ—ਸੰਪੂਰਣ ॥ ਸਮਾਂ— ਹਰ ਸਮੇਂ ॥

ਵਿਸ਼ੇਸ਼ -ਮ ਦੋਵੇਂ ਲਗਦੇ ਹਨ ॥

ਆਰੋਹ —ਸ ਰ ਗ ਪ, ਧ ਸੰ ॥ ਅਵਰੋਹ —ਸੰ ਨਧ, ਪ, ਮੇਗ, ਰਸ ॥

ਪਕੜ -ਗ ਰਸਧ਼, ਗ, ਰਗ, ਰਸ ਨ਼ ਧ਼, ਪ਼ ਧ਼, ਸ ॥

| | | | | | | | | | | | | |
|---|---|---|---|---|---|---|---|---|---|---|---|---|
| ਸ਼ਥਾਈ | | | | | | | | | | | | |
| ਮਾਤਰਾ | 1 | 2 | 3 | 4 | 5 | 6 | 1 | 2 | 3 | 4 | 5 | 6 |
| ਤਾਲ ਚਿੰਨ | × | | | 0 | | | × | | | 0 | | |
| ਸਰਗਮ : | ਧ਼ | ਸ | ਰ | ਗ | ਗ | ਗ | ਗਮ | ਪ | ਮ | ਗ | ਰ | ਰ |
| | ਸਤਿ | ਗੁ | ਰ | ਨਾ | ਨ | ਕ | ਪ੍ਰS | ਗ | ਟਿ | ਆ | S | ਮਿਟੀ |
| | ਧ਼ | ਰ | ਰ | ਰ | ਰੁ | ਰ | ਸਰ | ਗਪ | ਗਰ | ਸਰ | ਸ | — |
| | ਧੁੰਧ | ਜ | ਗਿ | ਚਾ | ਨ | ਣੁ | ਹੋS | SS | SS | ਆS | S | S |
| ਅੰਤਰਾ : | | | | | | | | | | | | |
| | ਪ | ਪ | ਮੇ | ਪਧ | ਪ | ਪ | ਗ | ਰ | ਸ | ਗਰ | ਗ | — |
| | ਜਿਉ | ਕ | ਰਿ | ਸੂS | ਰ | ਜੁ | ਨਿ | ਕ | ਲਿ | ਆS | S | ਤਾਰੇ |
| | ਧ਼ | ਰ | ਰ | ਰ | ਰੁ | ਰ | ਸਰ | ਗਪ | ਗਰ | ਸਰ | ਸ | — |
| | ਛ | ਪੇ | ਅੰ | ਧੇ | ਰ | ਪ | ਲੋS | SS | SS | ਆS | S | S |

**ਵਾਰ ੧, ਭਾਈ ਗੁਰਦਾਸ ਜੀ, ਪਉੜੀ ੨੭**

ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧ ਜਗਿ ਚਾਨਣੁ ਹੋਆ ॥
ਜਿਉ ਕਰਿ ਸੂਰਜੁ ਨਿਕਲਿਆ, ਤਾਰੇ ਛਪੇ ਅੰਧੇਰੁ ਪਲੋਆ ॥
ਸਿੰਘ ਬੁਕੇ, ਮਿਰਗਾਵਲੀ, ਭੰਨੀ ਜਾਇ ਨਾ ਧੀਰਿ ਧਰੋਆ ॥
ਜਿਥੈ ਬਾਬਾ ਪੈਰ ਧਰੈ, ਪੂਜਾ ਆਸਣੁ ਥਾਪਣਿ ਸੋਆ ॥
ਸਿਧ ਆਸਨਿ ਸਭਿ ਜਗਤ ਦੇ, ਨਾਨਕ ਆਦਿ ਮਤੇ ਜੇ ਕੋਆ ॥
ਘਰਿ ਘਰਿ ਅੰਦਰਿ ਧਰਮਸਾਲ, ਹੋਵੈ ਕੀਰਤਨੁ ਸਦਾ ਵਿਸੋਆ ॥
ਬਾਬੇ ਤਾਰੇ ਚਾਰਿ ਚਕਿ, ਨਉਖੰਡ ਪ੍ਰਿਥਮੀ ਸਚਾ ਢੋਆ ॥
ਗੁਰਮੁਖਿ ਕਲਿ ਵਿਚਿ ਪਰਗਟੁ ਹੋਆ ॥

# ਸਾਰੰਗ ਮਹਲਾ 5 ॥

ਹਰਿ ਹਰਿ ਸੰਤ ਜਨਾ ਕੀ ਜੀਵਨਿ ॥ ਬਿਖੈ ਰਸ ਭੋਗ ਅੰਮ੍ਰਿਤ ਸੁਖ ਸਾਗਰ ਰਾਮਨਾਮ ਰਸੁ ਪੀਵਨਿ ॥ ੧ ॥ ਰਹਾਉ ॥ ਸੰਚਨਿ ਰਾਮਨਾਮ ਧਨ ਰਤਨਾ ਮਨ ਤਨ ਭੀਤਰਿ ਸੀਵਨਿ ॥ ਹਰਿ ਰੰਗ ਰਾਂਗ ਭਏ ਮਨ ਲਾਲਾ ਰਾਮਨਾਮ ਰਸ ਖੀਵਨਿ ॥ ੧ ॥ ਜਿਉ ਮੀਨਾ ਜਲ ਸਿਉ ਉਰਝਾਨੋ ਰਾਮਨਾਮ ਸੰਗਿ ਲੀਵਨਿ ॥ ਨਾਨਕ ਸੰਤ ਚਾਤ੍ਰਿਕ ਕੀ ਨਿਆਈ ਹਰਿ ਬੂੰਦ ਪਾਨ ਸੁਖ ਥੀਵਨਿ ॥ ੨ ॥ ੬੮ ॥ ੯੧ ॥

ਅਰਥ :—ਹੇ ਭਾਈ ! ਪਰਮਾਤਮਾ ਦੇ ਭਗਤ ਆਤਮਕ ਜੀਵਨ ਦੇਣ ਵਾਲੇ ਸੁਖਾਂ ਦੇ ਸਮੁੰਦਰ ਹਰਿ ਨਾਮ ਦਾ ਰਸ (ਸਦਾ) ਪੀਂਦੇ ਰਹਿੰਦੇ ਹਨ, ਇਹੀ ਉਹਨਾਂ ਵਾਸਤੇ ਦੁਨੀਆਂ ਵਾਲੇ ਵਿਸ਼ੇ ਭੋਗਾਂ ਦਾ ਸੁਆਦ ਹੈ—ਇਹ ਹੈ ਜ਼ਿੰਦਗੀ ਸੰਤ ਜਨਾਂ ਦੀ ੧ । ਰਹਾਉ ।

ਹੇ ਭਾਈ ! ਸੰਤ ਜਨ ਪਰਮਾਤਮਾ ਦਾ ਨਾਮ-ਧਨ ਇਕੱਠਾ ਕਰਦੇ ਹਨ, ਨਾਮ ਰਤਨ ਇਕੱਠੇ ਕਰਦੇ ਹਨ, ਅਤੇ ਆਪਣੇ ਮਨ ਵਿਚ ਹਿਰਦੇ ਵਿਚ (ਉਹਨਾਂ ਨੂੰ) ਪ੍ਰੋ ਰੱਖਦੇ ਹਨ । ਪਰਮਾਤਮਾ ਦੇ ਨਾਮ-ਰੰਗ ਨਾਲ ਰੰਗੀਜ ਕੇ ਉਹਨਾਂ ਦਾ ਮਨ ਗੂੜ੍ਹੇ ਰੰਗ ਵਾਲਾ ਹੋਇਆ ਰਹਿੰਦਾ ਹੈ, ਉਹ ਹਰਿ-ਨਾਮ ਦੇ ਰਸ ਨਾਲ ਮਸਤ ਰਹਿੰਦੇ ਹਨ । ੧ ।

ਹੇ ਭਾਈ ! ਜਿਵੇਂ ਮੱਛੀ ਪਾਣੀ ਨਾਲ ਲਪਟੀ ਰਹਿੰਦੀ ਹੈ (ਪਾਣੀ ਤੋਂ ਬਿਨਾਂ ਜੀਊ ਨਹੀਂ ਸਕਦੀ) ਤਿਵੇਂ ਸੰਤ ਜਨ ਹਰਿ-ਨਾਮ ਵਿਚ ਲੀਨ ਰਹਿੰਦੇ ਹਨ । ਹੇ ਨਾਨਕ ! ਸੰਤ ਜਨ ਪਪੀਹੇ ਵਾਂਗ ਹਨ (ਜਿਵੇਂ ਪਪੀਹਾ ਸ੍ਵਾਂਤੀ ਨਛੱਤ੍ਰ ਦੀ ਵਰਖਾ ਦੀ ਬੂੰਦ ਪੀ ਕੇ ਤ੍ਰਿਪਤ ਹੁੰਦਾ ਹੈ, ਤਿਵੇਂ ਸੰਤ ਜਨ) ਪਰਮਾਤਮਾ ਦੇ ਨਾਮ ਦੀ ਬੂੰਦ ਪੀ ਕੇ ਸੁਖੀ ਹੁੰਦੇ ਹਨ । ੨ । ੬੮ । ੯੧ ।

# ਰਾਗ ਸਾਰੰਗ (ਵਡਹੰਸ ਸਾਰੰਗ)

—ਬਲਵਿੰਦਰ ਸਿੰਘ ਬੰਬਈ

ਅਰੋਹ :- ਸ ਰ ਮ ਪ ਨ਼ੀ ਸਂ ।

ਅਵਰੋਹ :- ਸਂ ਨ਼ੀ ਪ ਮ ਰ, ਸ ।

ਜਾਤੀ :- ਔਡਵ-ਔਡਵ, 'ਗ' ਅਤੇ 'ਧ' ਵਰਜਿਤ

ਥਾਟ :- ਕਾਫੀ, ਦੋਨੋਂ ਨੀਸ਼ਾਦ

ਸਮਾਂ :- ਦਿਨ ਦਾ ਤੀਜਾ ਪਹਿਰ

ਵਾਦੀ :- 'ਰ'

ਸੰਵਾਦੀ :- 'ਪ'

ਮੁਖ ਅੰਗ :- ਨ਼ੀ ਸ ਰ, ਮ ਰ, ਪ ਮ ਰ, ਨ਼ੀ ਸ ।

ਸੁਰ ਵਿਸਥਾਰ :-ਨ਼ੀ ਸ ਰ ਸ, ਨ਼ੀ ਪ. ਨ਼ੀ ਸ ਰ ਮ ਰ, ਪ ਮ ਰ ਸ ।
ਰ ਮ ਪ, ਨ਼ੀ ਪ, ਮ ਰ, ਮ ਪ ਨੀ ਸਂ ਰਂ ਸਂ ਨੀ ਸਂ, ਰਂ ਰਂ ਸਂ, ਨੀ ਸਂ
ਨ਼ੀ ਪ, ਮ ਰ, ਮ ਪ ਨ਼ੀ ਪ ਮ ਰ, ਮ ਰ ਨ਼ੀ ਸ ।

| | 0 | | × | |
|---|---|---|---|---|
| ਤਿੰਨ ਤਾਲ | 9 10 11 12 | 13 14 15 16 | 1 2 3 4 | 5 6 7 8 |
| ਅਸਥਾਈ | ਸਾਂ ਸ ਨ਼ੀ ਪ | ਮ ਰੇ ਨ਼ੀ ਸਾ | ਰੇ — ਮ ਮ | ਪ ਨ਼ੀ ਪਮ ਪ |
| | ਹ ਰਿ, ਹ ਰਿ, | ਸੰ ਤ. ਜ | ਨਾ s ਕੀ s, | ਜੀ s ਵs ਨਿ, |
| | ਸਾਂ ਸਾਂ ਨ਼ੀ ਪ | ਮ ਰੇ ਨ਼ੀ ਸਾ | ਰੇ — ਮ ਮ | ਰੇ — ਸਾ - |
| | ਹ ਰਿ, ਹ ਰਿ, | ਸੰ s ਤ, ਜ | ਨਾ s ਕੀ s | ਜੀ s ਵs ਨਿ |
| | ਰੇ ਰੇ ਮ ਮ | ਪ ਪ ਪ | ਰੇ ਮ ਨ਼ੀ ਪ | ਮ ਰੇ ਸਾ ਸਾ |
| | ਬਿ ਖੈ, ਰ ਸ. | ਭੋ s ਗ, ਅੰ | ਮ੍ਰਿ ਤ, ਸੁ ਖ | ਸਾ s ਗ ਰ |
| | ਨੀ - ਨੀ ਨੀ | ਸਾਂ ਸਾਂ ਸਾਂ ਸਾਂ | ਨੀ ਸਾਂ ਰੇ ਸਾਂ | ਨ਼ੀ ਪ ਮ ਪ |
| | ਰਾ s ਮ ਨਾ | s ਮ, ਰ ਸੁ | ਪੀ s ਵ ਨਿ | s s s s |
| ਅੰਤਰਾ | ਮ — ਮ ਮ | ਪ — ਨ ਨ | ਸਂ ਸਂ ਸ ਸ | ਰਂ ਨ ਸਂ ਸਂ |
| | ਸੰ s ਚ ਨਿ | ਰਾ s ਮ ਨਾ | s ਮ ਧ ਨੁ | ਰ ਤ ਨਾ s |
| | ਰਂ ਰਂ ਰਂ ਮਂ | ਰਂ ਰਂ ਸਂ ਸਂ | ਨ ਸਂ ਰਂ ਸਂ | ਨੁ ਪ ਮ ਪ |
| | ਮ ਨ ਤ ਨ | ਭੀ s ਤ ਰਿ | ਸੀ s ਵ s | ਨਿ s s s |
| | ਰ ਰ ਮ ਮ | ਪ — ਪ ਪ | ਰ ਮ ਨੁ ਪ | ਮ ਰ ਸ ਸ |
| | ਹ ਰਿ ਰੰ ਗ | ਰਾ s ਗ ਭ | ਏ s ਮ ਨ | ਲਾ s ਲਾ s |
| | ਨ ਨ ਨ ਨ | ਸਂ ਸਂ ਸਂ ਸਂ | ਨ ਸਂ ਰਂ ਸਂ | ਨੁ ਪ ਮ ਪ |
| | ਰਾ s ਮ ਨਾ | s ਮ ਰ ਸਿ | ਖੀ s ਵ s | ਨਿ s s s |

# ਨਿਪੁਣ ਕੀਰਤਨੀਏ ਭਾਈ ਜਗਤਾਰ ਸਿੰਘ ਜੀ

ਹਰਜਾਪ ਸਿੰਘ

ਪੰਜਾਬੀ ਦਾ ਮਸ਼ਹੂਰ ਅਖਾਣ ਹੈ ਕਿ ਵੱਡੇ ਘਰਾਂ ਦੀ ਘਰੋੜੀ ਹੀ ਮਾਣ ਨਹੀਂ ਹੁੰਦੀ। ਅਜਿਹੇ ਅਖਾਣਾਂ ਦੀ ਸਚਾਈ ਵਾਰ ਵਾਰ ਸਾਹਮਣੇ ਆਉਂਦੀ ਹੈ। ਤੁਸੀਂ ਗੁਰਦਵਾਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਦੇ ਭੂਤ ਪੂਰਵਕ ਹਜ਼ੂਰੀ ਰਾਗੀ ਸਵਰਗੀਆ ਭਾਈ ਸਾਹਿਬ, ਭਾਈ ਗੁਰਮੁਖ ਸਿੰਘ, ਸਰਮੁਖ ਸਿੰਘ ਜੀ ਫੱਕਰ ਦੇ ਰਾਗੀ ਜਥੇ ਸੰਬੰਧੀ ਡਾਕਟਰ ਜਾਗੀਰ ਸਿੰਘ ਹੋਰਾਂ ਦੇ ਲੇਖ ਪੜ੍ਹੇ ਹੋਣਗੇ। ਜੋ ਕੁਝ ਡਾਕਟਰ ਸਾਹਿਬ ਲਿਖ ਚੁੱਕੇ ਹਨ ਉਸ ਵਿਚ ਮੇਰੇ ਜਹੇ ਲੇਖਕ ਵਿਚ ਵਾਧਾ ਕਰਨ ਦੀ ਸਮਰੱਥਾ ਨਹੀਂ।

ਇਸ ਲੇਖ ਦਾ ਸੰਬੰਧ ਉਸ ਮਸ਼ਹੂਰ ਜਥੇ ਦੀ ਅਗਲੀ ਪੀੜ੍ਹੀ ਨਾਲ ਹੈ। ਭਾਈ ਜਗਤਾਰ ਸਿੰਘ ਜੀ ਸਵਰਗਵਾਸੀ ਭਾਈ ਸਰਮੁੱਖ ਸਿੰਘ ਜੀ ਫੱਕਰ ਦੇ ਸਪੁੱਤਰ ਸਨ। ਸਾਰੀ ਉਮਰ ਪਹਿਲਾਂ ਤਾਂ ਆਪਣੇ ਤਾਏ ਤੇ ਪਿਤਾ ਦਾ ਗੁਰਮਤ ਸੰਗੀਤ ਸੁਣਿਆ। ਫੇਰ ਪਿਤਾ ਨਾਲ ਕੀਰਤਨ ਵਿਚ ਸੰਗ ਭੀ ਕੀਤਾ। ਭਾਈ ਜਗਤਾਰ ਸਿੰਘ ਜੀ ਕੱਦ ਦੇ ਲੰਬੇ ਅਤੇ ਸਰੀਰਕ ਪੱਖੋਂ ਬਹੁਤ ਭਾਰੇ ਸਨ। ਇਜ ਸਮਝੋ ਕਿ ਮਾਝੇ ਦੇ ਜੁਆਨਾਂ ਵਾਂਗੂੰ ਭਾਈ ਸਾਹਿਬ ਹੱਡਾਂ ਪੈਰਾਂ ਦੇ ਖੁੱਲ੍ਹੇ ਸਨ। ਪਗੜੀ ਭੀ ਮਝੈਲਾਂ ਵਾਂਗੂੰ ਬੰਨ੍ਹਦੇ ਸਨ।

ਭਾਈ ਸਾਹਿਬ ਦੀ ਆਵਾਜ਼ ਵਿਚ ਬਹੁਤ ਜ਼ੋਰ ਸੀ। ਬਗੈਰ ਮਾਈਕਰੋਫੋਨ ਦੇ ਦਸ ਹਜ਼ਾਰ ਦੇ ਸੰਗਤ ਦੇ ਹਜੂਮ ਨੂੰ ਕੀਰਤਨ ਨਾਲ ਨਿਹਾਲ ਕਰ ਸਕਦੇ ਸਨ। ਆਵਾਜ਼ ਵਿਚ ਸਵਰਗਵਾਸੀ ਭਾਈ ਜਵਾਲਾ ਸਿੰਘ ਜੀ ਦੀ ਤਰ੍ਹਾਂ ਲਰਜ਼ਤ ਭੀ ਸੀ। ਭਾਈ ਸਾਹਿਬ ਖਿਆਲੀ ਢੰਗ ਦੀ ਗਾਇਕੀ ਨਹੀਂ ਸਨ ਕਰਦੇ ਪਰ ਰਾਗਾਂ ਦੇ ਵਿਆਕਰਣ ਤੋਂ ਪੂਰੀ ਤਰ੍ਹਾਂ ਪਰੀਚਿਤ ਸਨ ਅਤੇ ਸੁਰ ਔਰ ਤਾਲ ਦੋਹਾਂ ਦੇ ਪੂਰੀ ਤਰ੍ਹਾ ਪਾਬੰਦ ਸਨ।

ਭਾਈ ਸਾਹਿਬ ਨੇ ਛੋਟੀ ਉਮਰ ਵਿਚ ਹੀ ਬਹੁਤ ਸਾਰੀ ਗੁਰਬਾਣੀ ਪਿਤਾ ਜੀ ਦੇ ਮੁੱਖੋਂ ਸੁਣ ਸੁਣ ਕੇ ਹੀ ਕੰਠ ਕਰ ਲਈ ਸੀ। ਪਰਮਾਣ ਦੇਣ ਵਿਚ ਭੀ ਭਾਈ ਸਾਹਿਬ ਬਹੁਤ ਨਿਪੁਣ ਸਨ। ਨਨਕਾਣਾ ਸਾਹਿਬ ਤੋਂ ਉੱਜੜ ਕੇ ਆਉਣ ਤੋਂ ਬ੍ਹਾਦ ਭਾਈ ਸਾਹਿਬ ਆਪਣੇ ਪਿਤਾ ਅਤੇ ਤਾਇਆ ਜੀ ਦੇ ਸੰਗ ਕਰਨਾਲ ਅਤੇ ਉੱਤਰ ਪ੍ਰਦੇਸ਼ ਵਿਚ ਰਹੇ। ਗੁਰਦਵਾਰਾ ਸ੍ਰੀ ਹਰੀਮੰਦਿਰ ਸਾਹਿਬ ਪਟਨਾ ਸਾਹਿਬ ਭੀ ਕੀਰਤਨ ਦੀ ਸੇਵਾ ਕੀਤੀ। ਬੰਬਈ, ਕਲਕੱਤਾ ਆਦਿ ਵਿਚ ਭੀ ਕੀਰਤਨ ਦੀ ਸੇਵਾ ਕਰਦੇ ਰਹੇ ਸਨ।

ਭਾਈ ਸਾਹਿਬ ਦਾ ਆਪਣਾ ਇਕ ਸਪੁੱਤਰ ਹਰਿੰਦਰ ਸਿੰਘ ਅਲਾਪ ਲੈਣ ਵਿਚ ਬਹੁਤ ਮਾਹਿਰ ਹੈ। ਸਰਗਮ ਕਹਿਣੀ, ਤਾਨ ਪਲਟੇ ਮਾਰਨੇ ਅਤੇ ਪਿਤਾ ਨਾਲ ਜੁਗਲਬੰਦੀ ਕਰਨੀ, ਇਨ੍ਹਾਂ ਸਾਰਿਆਂ ਕੰਮਾਂ ਵਿਚ ਹਰਿੰਦਰ ਸਿੰਘ ਤਾਕ ਹਨ।

ਹਰਿੰਦਰ ਸਿੰਘ ਨੂੰ ਬਾਣੀ ਬਹੁਤੀ ਕੰਠ ਨਹੀਂ ਬਾਣੀ ਦੇ ਉਚਾਰਨ ਦੀ ਸੇਵਾ ਭਾਈ ਸਾਹਿਬ ਖੁਦ ਬਹੁਤ ਖੂਬੀ ਨਾਲ ਕਰ ਲੈਂਦੇ ਸਨ। ਦੂਜੇ ਪਾਸੇ ਭਾਈ ਜਗਤਾਰ ਸਿੰਘ ਖੁਦ ਅਲਾਪ ਲੈਣੋਂ ਝਿਜਕਦੇ ਸਨ। ਪਰ ਪੁਰਾਣੀ ਕਹਾਵਤ ਕਿ ਖਾਣਾ ਰੋਟੀ ਦਾ ਅਤੇ ਗਾਉਣਾ ਜੋਟੀ ਦਾ ਇਸ ਜਥੇ ਉਪਰ ਠੀਕ ਢੁਕਦੀ ਸੀ। ਭਾਈ ਜਗਤਾਰ ਸਿੰਘ ਦਾ ਇਕ ਛੋਟਾ ਭਾਈ ਸੁਰਜੀਤ ਸਿੰਘ ਅਮਰੀਕਾ ਦਾ ਸਿਰ ਕੱਢਵਾਂ ਤਬਲਾ ਵਾਦਕ ਹੈ। ਲੇਕਿਨ ਕੀਰਤਨ ਜਥੇ ਵਿਚ ਭਾਈ ਸਾਹਿਬ ਨੇ ਆਪਣੇ ਛੋਟੇ ਸਪੁੱਤਰ ਦਲੀਪ ਸਿੰਘ ਨੂੰ ਹੀ ਸ਼ਾਮਿਲ ਕੀਤਾ।

1980 ਵਿਚ ਭਾਈ ਜਗਤਾਰ ਸਿੰਘ ਆਪਣੇ ਦੋ ਸਪੁੱਤਰਾਂ ਸਮੇਤ ਜਥਾ ਬਣਾ ਕੇ ਅਮਰੀਕਾ ਆਏ। ਅਮਰੀਕਾ ਵਿਚ ਉੱਚ ਮਿਆਰੀ ਕਲਾਸੀਕੀ ਢੰਗ ਦਾ ਕੀਰਤਨ ਭੀ ਖੂਬ ਸਨਮਾਨਿਆਂ ਜਾਂਦਾ ਹੈ। ਭਾਈ ਸਾਹਿਬ ਦਾ ਜਥਾ ਜਦੋਂ ਗੁਰਦਵਾਰਾ ਰਿੱਚਮੰਡ ਹਿੱਲ ਨਿਊਯਾਰਕ ਵਿਖੇ ਕੀਰਤਨ ਦੀ ਸੇਵਾ ਕਰਨ ਵਾਸਤੇ ਆਇਆ ਤਾਂ ਉਥੋਂ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਗੁਰਦੀਪ ਸਿੰਘ ਜੀ ਨੇ ਜਥੇ ਨੂੰ ਬਹੁਤ ਪਿਆਰ ਕੀਤਾ। ਸੰਗਤ ਵਿਚ ਉਤਸ਼ਾਹ ਭੀ ਵੇਖਣ ਵਾਲਾ ਸੀ।

1986 ਦੀ ਸਰਦੀਆਂ ਦੀ ਰੁੱਤੇ ਭਾਈ ਸਾਹਿਬ ਨੇ ਗੁਰਦਵਾਰਾ ਬ੍ਰਿਜਵਾਟਰ ਵਿਖੇ ਕੀਰਤਨ ਦੀ ਸੇਵਾ ਕੀਤੀ। ਨਿਊਜਰਸੀ ਦੇ ਇਸ ਗੁਰਦਵਾਰੇ ਵਿਚ ਭਾਈ ਸਾਹਿਬ ਦੇ ਕੀਰਤਨ ਦੀਆਂ ਕੈਸੇਟੱਸ ਤਿਆਰ ਕੀਤੀਆਂ ਗਈਆਂ। ਇਹ ਕੀਰਤਨ *ਸਾਡੇ ਕੋਲ ਪੂਰੀ ਤਰ੍ਹਾਂ ਮਹਿਫੂਜ਼ ਪਿਆ ਹੈ। ਬਾਦ ਵਿਚ 1987 ਵਿਚ ਲੌਂਗ* ਆਈਲੈਂਡ ਨਿਊਯਾਰਕ ਦੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਭਾਈ ਸਾਹਿਬ ਦੇ ਜਥੇ ਨੂੰ ਗ੍ਰੀਨ ਕਾਰਡ ਵਾਸਤੇ ਮਨੋਨੀਤ ਕੀਤਾ।

1987 ਦੀ ਬਸੰਤ ਰੁੱਤ (ਅਪਰੈਲ ਤੋਂ ਜੂਨ ਤਕ ਦਾ ਸਮਾਂ) ਭਾਈ ਸਾਹਿਬ ਆਪਣੇ ਜਥੇ ਸਮੇਤ ਕੈਲੀਫੋਰਨੀਆਂ ਆ ਗਏ। ਉਥੇ ਇਕ ਦਿਨ ਸ਼ਾਮ ਸਮੇਂ ਭਾਈ ਸਾਹਿਬ ਜਥੇ ਸਮੇਤ ਸੈਰ ਕਰ ਰਹੇ ਸਨ ਕਿ ਇਕ ਪਹਾੜੀ ਉਪਰ ਚੜ੍ਹ-ਦਿਆਂ ਭਾਈ ਸਾਹਿਬ ਦਾ ਸਾਹ ਫੁੱਲਣ ਲੱਗਿਆ। ਹਕੀਕਤ ਵਿਚ ਇਹ ਦਿਲ ਦਾ ਦੌਰਾ ਸੀ। ਪਹਾੜੀ ਉਪਰ ਪਹੁੰਚਣ ਸਮੇਂ ਭਾਈ ਸਾਹਿਬ ਨੇ ਬੇਚੈਨੀ ਦੀ ਸ਼ਿਕਾਇਤ ਕੀਤੀ ਅਤੇ ਪਲਾਂ ਵਿਚ ਹੀ ਗੁਰੂ ਸਾਹਿਬਾਨ ਦੇ ਚਰਨਾਂ ਵਿਚ ਜਾ ਬਿਰਾਜੇ। ਜਿਨ੍ਹਾਂ ਲੋਕਾਂ ਨੇ ਭਾਈ ਸਾਹਿਬ ਦੇ ਜਥੇ ਦਾ ਕੀਰਤਨ ਸੁਣਿਆ ਹੈ ਉਹ ਅਜੇ ਤਾਈਂ ਭਾਈ ਸਾਹਿਬ ਨੂੰ ਅਦੀਦ ਨਾਲ ਯਾਦ ਕਰਦੇ ਹਨ।

ਭਾਈ ਸਾਹਿਬ ਇਕ ਚੰਗੇ ਪ੍ਰਚਾਰਕ ਭੀ ਸਨ। ਬਾਣੀ ਪੜ੍ਹਦਿਆਂ ਨਾਲੋ ਨਾਲ ਵਿਆਖਿਆ ਭੀ ਕਰਦੇ ਸਨ। ਭਾਈ ਸਹਿਬ ਦੇ ਕੀਰਤਨ ਵਿਚੋਂ ਉਨ੍ਹਾਂ ਦੇ ਸਵਰਗਵਾਸੀ ਪਿਤਾ ਅਤੇ ਤਾਇਆ ਜੀ ਦੀ ਕੀਰਤਨ ਕਲਾ ਦੀ ਮਹਿਕ ਆਉਂਦੀ ਸੀ। ਰਬਾਬੀ ਪਰਵਾਰ ਵਿਚ ਜਨਮ ਲੈਣ ਨਾਲ ਸੰਗੀਤ ਗੁੜ੍ਹਤੀ ਦੇ ਰੂਪ ਵਿਚ ਹੀ ਮਿਲ ਜਾਂਦਾ ਹੈ। ਭਾਈ ਸਾਹਿਬ ਨੇ ਸਾਰੀ ਉਮਰ ਗੁਰਬਾਣੀ ਅਤੇ ਸੰਗੀਤ ਨਾਲ ਹਕੀਕੀ ਇਸ਼ਕ ਕੀਤਾ। □

# Guru Nanak Dev Ji De Shabad

Gurubani Kirtan is being propagated enthusiastically these days. But very few Kirtan singers come upto the desired standard of classical music. The same is the case with regard to different cassette-producing companies. Only one or two companies take up the production of cassettes of Gurubani Kirtan based on classical ragas. May be, it is felt that cassettes with kirtan in prescibed ragas are in little demand. But it does not mean that purely classical kirtan should be discarded altogether. Cassette-producing companies earn a lot of profit by selling cassettes with recorded kirtan. Hence, they must produce, eventhough as an act of Charity, every tenth kirtan-crssette con isting of kirtan based on purely prescribed ragas. or at least one 'Shabad' in every cassette should be based on a prescribed raga. The kirtan singers should also make similar endeavours to maintain the high srandard of kirtan.

H.M.V. recording company, though produces a large number of Kirtan-cassettes which tend to play to the gallery only. But to keep up their image, they also record Kirtan rendered in a high calibre of classical music From the viewpoint, the cassette 'Guru Nank Dev Ji De Shabad' is one of the most valuable gurubani-kirtan-cassettes. Pat onized by Guru Nanak Foundation, this cassette consists of gurbani kirtan rendered by kirtan singers and musicians of status.

Side 'A' has the shabads 'Bhi Teri Kimat Na Pave' (Rag Siri), 'Kaun Jane Peer Prayee (Bilawal) 'Rut Ayee re Saras Basant Mah' (Basant), and 'Kin Bidh Sagar Tariye' (Ramkali). Side 'B' has the shabads 'Meri Ichh Punni Ji' (Gauri Purbi) 'Apane Thakur Ki Hau Cheri' (Sarang), 'Kya Kahiye Kichh Kahi Na Jaye' (Bhairo) and 'Pritam Kio Bisreh Mere Pran Adhar' (Gouri).

The cassetle comprising gayan of Bahi Sahan Singh, Bhai Dharam Singh, Bhai Piara Singh, Neelam Sahni and Parmila Kumari, being sold for Rs. 18/- only is a real boon of classical Kirtam for cassetee-listeness,

Dr. Jagir Singh

Trans : Hari Singh P.E.S.